Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 30/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 135
D.O.P. 10 Sept. 2020

## ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥



# ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਐਜੂਕੇਸ਼ਨਲ ਵਿੰਗ

## ਫ੍ਰੀ ਸਿਲਾਈ ਕਢਾਈ ਅਤੇ ਫ੍ਰੀ ਕੰਪਿਊਟਰ ਸਿਖਲਾਈ ਸੈਂਟਰ ਵਿਖੇ 34ਵੇਂ ਸੈਸ਼ਨ ਦੀ ਸਿਖਲਾਈ ਸੰਪੂਰਨ

14 ਨਵੰਬਰ 2019 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਪਿਛਲੇ 17 ਸਾਲਾਂ ਤੋਂ ਚੱਲ ਰਹੇ ਫ੍ਰੀ ਸਿਲਾਈ ਕਢਾਈ ਅਤੇ ਫ੍ਰੀ ਕੰਪਿਊਟਰ ਸੈਂਟਰ ਜਿੱਥੇ ਲੋੜਵੰਦ ਬੱਚੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਤੇ ਨਾਲ ਸਭਾ ਵੱਲੋਂ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਤਾਂ ਜੋ ਇਹ ਬੱਚੀਆਂ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਸਿਲਾਈ ਕਢਾਈ ਅਤੇ ਕੰਪਿਊਟਰ ਦੇ 34ਵੇਂ ਸੈਸ਼ਨ ਦੀ ਸਿਖਲਾਈ ਸੰਪੂਰਨਤਾ ਤੇ ਵਿਸ਼ੇਸ਼ ਕੀਰਤਨ ਸਮਾਗਮ ਉਪਰੰਤ ਬੱਚੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਸਮਾਗਮ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸ੍ਰ. ਟਹਿਲਇੰਦਰ ਸਿੰਘ ਜੀ (ਟਰੱਸਟੀ ਮੈਂਬਰ) ਭਾਈ ਤਰਵਿੰਦਰ ਸਿੰਘ ਜੀ ਨਿੱਕੂ ਨੇ ਹਾਜ਼ਰੀਆਂ ਭਰੀਆਂ।






ਸਿਲਾਈ-ਕਢਾਈ ਅਤੇ ਕੰਪਿਊਟਰ ਵਾਲੀਆਂ ਟੀਚਰਾਂ ਨਾਲ ਬੱਚੀਆਂ ਦੀ ਗਰੁੱਪ ਫੋਟੋ।

## ਸ੍ਰੀ ਗੰਗਾ ਨਗਰ ਵਿਖੇ ਸਮਾਗਮ

ਗੁ: ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ, ਸ੍ਰੀ ਗੰਗਾ ਨਗਰ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਤੇ ਹੋਰ ਕੀਰਤਨੀਆਂ ਨੇ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਨਿਹਾਲ ਕੀਤਾ।

1




2



1-2. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ ਅਤੇ ਸੰਗਤਾਂ ਕੀਰਤਨ ਸਰਵਣ ਕਰਦੀਆਂ ਹੋਈਆਂ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-135ਵਾਂ (2020)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

## ਤਤਕਰਾ


| | |
|---|---|
| ਸੰਪਾਦਕੀ | 4 |
| ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ | |
| ਗਿਆਰ੍ਹਵਾਂ ਭਾਗ- ਧੰਨ ਧੰਨ ਮਾਤਾ ਗੁਜਰ ਕੌਰ ਜੀ | 5 |
| ਜ਼ਿੰਦਗੀ ਦੀਆਂ ਬਰੀਕੀਆਂ | 16 |
| ਮੈਨੂੰ ਜ਼ਰੂਰ ਪੜ੍ਹੋ | 19 |
| ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ | 20 |
| ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ | 22 |
| ਅਧਿਆਤਮਿਕ ਵਿਚਾਰਾਂ | 23 |
| ਗੁਰਬਾਣੀ ਵਿੱਚ ਨਾਮਹੀਣ ਮਨੁੱਖ ਦੀ ਦਸ਼ਾ | 24 |
| ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿੰਨੀ ਵਾਰ ਬਖਸ਼ਦੇ ਹਨ? | 28 |
| ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ | 34 |
| ਅਨਮੋਲ ਬਚਨ | 36 |
| ਪਰਖ ਤੇ ਪ੍ਰਪੱਕਤਾ | 37 |
| ज़िंदगी की बारीकियाँ | 38 |
| दस पातशाहियां रूप इह गुरु ग्रंथ जी जान।। | 41 |
| स्री हरिक्रिशन धिआईऐ | |
| जिसु डिठै सभि दुख जाइ।। | 46 |
| What Door is it? Passing Through which | |
| makes Guru Ram Dass Ji | |
| Our Guide/Comrade | 53 |
| Which are the Ten Sins? | 59 |


**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰਬਾਣੀ ਦੀ ਇੱਕ ਪਾਵਨ ਪੰਕਤੀ ਹੈ:

*ਧੌਲੁ ਧਰਮੁ ਦਇਆ ਕਾ ਪੂਤੁ॥* *(ਸ੍ਰੀ ਜਪੁ ਜੀ ਸਾਹਿਬ)*

ਇਸ ਪੰਕਤੀ ਦੇ ਜੇ ਸ਼ਬਦ ਅਰਥ ਕਰੀਏ ਤੇ ਇਹ ਅਰਥ ਨਿਕਲਦਾ ਹੈ ਕਿ ਧਰਮ ਕਮਾਉਣ ਲਈ ਅੰਦਰ ਦਇਆ ਦਾ ਗੁਣ ਹੋਣਾ ਅਤਿ ਜ਼ਰੂਰੀ ਹੈ। ਜੇ ਅੰਦਰ ਦਇਆ ਨਹੀਂ ਤੇ ਧਰਮ ਕਮਾਇਆ ਹੀ ਨਹੀਂ ਜਾ ਸਕਦਾ। ਇਸ ਪੰਕਤੀ ਨੂੰ ਸਾਹਮਣੇ ਰੱਖ ਕੇ ਜੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਦੇਖੀਏ ਤੇ ਗੱਲ ਸਾਰੀ ਖੁੱਲ੍ਹ ਜਾਂਦੀ ਹੈ। ਦਇਆ ਕਮਾਉਣੀ ਸਿੱਖਣੀ ਹੋਵੇ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਦੇਖੀਏ। ਧਰਮ ਕਿਸੇ ਦਾ ਖਤਰੇ ਵਿੱਚ ਹੈ ਪਰ ਹਿਰਦਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਸੀਜ ਰਿਹਾ ਹੈ।

ਕਿਸੇ ਨੇ ਕਿਹਾ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਹਿਰਦਾ ਮੱਖਨ ਵਰਗਾ ਨਰਮ ਸੀ ਤੇ ਸੰਗਤ ਵਿੱਚ ਬੈਠੇ ਸਨ, ਬਾਬਾ ਨੰਦ ਸਿੰਘ ਜੀ। ਬਾਬਾ ਜੀ ਕਹਿਣ ਲੱਗੇ, ਬੇਅਦਬੀ ਕਰ ਰਿਹਾ ਹੈਂ। ਉਹ ਹੈਰਾਨ ਹੋ ਕੇ ਕਹਿਣ ਲੱਗਾ, ਬੇਅਦਬੀ ਕਿਵੇਂ? ਮੈਂ ਤਾਂ ਸਤਿਗੁਰੂ ਪਿਤਾ ਜੀ ਦੀ ਸਿਫਤ ਕਰ ਰਿਹਾ ਹਾਂ। ਬਾਬਾ ਜੀ ਨੇ ਰਮਜ਼ ਖੋਲ੍ਹੀ (ਸੁਮੱਤ ਦਿੱਤੀ), ਕਹਿਣ ਲੱਗੇ, ਓਏ ਭਲੇ ਪੁਰਖਾਂ ਮੱਖਣ ਉਦੋਂ ਪਿੰਘਲਦਾ ਹੈ, ਜਦੋਂ ਮੱਖਣ ਨੂੰ ਸੇਕ ਲੱਗੇ ਪਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਹਿਰਦਾ ਮੱਖਣ ਤੋਂ ਵੀ ਨਰਮ ਸੀ। ਸੇਕ ਕਿਸੇ ਦੇ ਧਰਮ ਨੂੰ ਲੱਗ ਰਿਹਾ ਹੈ ਪਰ ਹਿਰਦਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਿੰਘਲ ਰਿਹਾ ਹੈ।

ਸਾਲ 1675 ਦਇਆ ਦਾ ਸਮੁੰਦਰ ਹੁਣ ਠਾਠਾਂ ਮਾਰਨ ਲੱਗਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ। ਇਸ ਧਰਤੀ ਤੇ ਅੱਜ ਕੌਣ ਆਇਆ ਹੈ, ਪੰਡਿਤ ਕਿਰਪਾ ਰਾਮ ਜੀ ਕਸ਼ਮੀਰੀ ਪੰਡਿਤਾਂ ਨੂੰ ਨਾਲ ਲੈ ਕੇ। ਕੌਣ ਸਨ, ਪੰਡਿਤ ਕਿਰਪਾ ਰਾਮ ਜੀ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਅਤਿ ਪਿਆਰੇ ਸਿੱਖ ਜਿਨ੍ਹਾਂ ਨੂੰ ਦੇਖ-ਦੇਖ ਕੇ ਪਿਤਾ ਜੀ ਰੀਝਦੇ ਹਨ ਤੇ ਜਿਨ੍ਹਾਂ ਦਾ ਨਾਂ ਲੈਂਦਿਆਂ ਅੰਦਰ ਠੰਡ ਪੈਂਦੀ ਹੈ, ਧੰਨ ਭਾਈ ਮਤੀ ਦਾਸ ਜੀ। ਪੰਡਿਤ ਕਿਰਪਾ ਰਾਮ ਜੀ ਭਾਈ ਮਤੀ ਦਾਸ ਜੀ ਦੇ ਪੜਦਾਦੇ ਛੇਵੇਂ ਪਾਤਸ਼ਾਹ ਜੀ ਦੇ ਸੇਵਕ ਭਾਈ ਪਿਰਾਗਾ ਜੀ ਦੀ ਭੈਣ ਸੁਰਸਤੀ ਦੇ ਸਪੁੱਤਰ ਸਨ। ਬੇਨਤੀ ਕੀਤੀ, ਹਿੰਦੂ ਧਰਮ ਖਤਰੇ ਵਿੱਚ ਹੈ। ਔਰੰਗਜ਼ੇਬ ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਹੈ। ਕੋਈ ਬਾਂਹ ਫੜਨ ਵਾਲਾ ਨਹੀਂ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਪੁੱਛਦੇ ਹਨ, ਧਰਮ ਦੀ ਰੱਖਿਆ ਕਿਵੇਂ ਹੋ ਸਕਦੀ ਹੈ? ਕਸ਼ਮੀਰੀ ਪੰਡਿਤ ਕਹਿਣ ਲੱਗੇ, ਕੋਈ ਪੂਰਨ ਮਹਾਂਪੁਰਸ਼, ਕੋਈ ਪੂਰਨ ਰਹਿਬਰ ਆਪਣਾ ਸੀਸ ਦੇਵੇ ਤਾਂ ਹੀ ਹਿੰਦੂ ਧਰਮ ਦੀ ਰੱਖਿਆ ਹੋ ਸਕਦੀ ਹੈ। ਕੋਲ ਖੜ੍ਹੇ ਹਨ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਬਾਲ ਅਵਸਥਾ, ਉਮਰ ਕੇਵਲ ਨੌਂ ਸਾਲ ਤੇ ਕਿੰਨੀ ਚੜ੍ਹਦੀ ਕਲਾ। ਬੇਨਤੀ ਕੀਤੀ, ਸਤਿਗੁਰੂ ਪਿਤਾ ਜੀ, ਆਪ ਜੀ ਤੋਂ ਵੱਡਾ ਹੋਰ ਮਹਾਂਪੁਰਸ਼ ਕੌਣ ਹੋ ਸਕਦਾ ਹੈ। ਆਪ ਜੀ ਆਪਣਾ ਸੀਸ ਦੇ ਕੇ ਹਿੰਦੂ ਧਰਮ ਦੀ ਰੱਖਿਆ ਕਰੋ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਪ੍ਰਸੰਨ ਹੋਏ। ਕਸ਼ਮੀਰੀ ਪੰਡਿਤਾਂ ਨੂੰ ਕਹਿ ਦਿੱਤਾ, ਔਰੰਗਜ਼ੇਬ ਨੂੰ ਜਾ ਕੇ ਕਹਿ ਦਿਓ, ਜੇ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਬਣ ਜਾਣ ਤੇ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ। ਸ਼ਰਨ ਆਇਆਂ ਦੀ ਲਾਜ ਕਿਵੇਂ ਰੱਖਣੀ ਹੈ, ਦਇਆ ਕਿਵੇਂ ਕਮਾਉਣੀ ਹੈ, ਪਰਉਪਕਾਰ ਕਿਵੇਂ ਕਰਨਾ ਹੈ, ਕਿਸੇ ਦੀ ਬਾਂਹ ਕਿਵੇਂ ਫੜਨੀ ਹੈ, ਇਹ ਸਿੱਖਣਾ ਹੈ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਤੋਂ ਸਿੱਖੀਏ। ਇਸ ਤੋਂ ਵੱਡੀ ਹੋਰ ਕੀ ਕਰਾਮਾਤ ਹੋ ਸਕਦੀ ਹੈ ਕਿ ਸਮੇਂ ਦੇ ਰਹਿਬਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਇਆ ਕਮਾਉਣ ਲਈ, ਸ਼ਰਨ ਆਏ ਦੀ ਲਾਜ ਰੱਖਣ ਲਈ ਆਪ ਆਪਣੀ ਸ਼ਹੀਦੀ ਦੇਣ ਲਈ ਦਿੱਲੀ ਗਏ। ਕਿਸੇ ਦੀ ਰਾਖੀ ਲਈ, ਕਿਸੇ ਦੀ ਪਤ ਬਚਾਉਣ ਲਈ ਜੇ ਆਪਣਾ ਆਪ ਵੀ ਵਾਰਨਾ ਪੈ ਜਾਵੇ ਤੇ ਕੋਈ ਵੱਡੀ ਗੱਲ ਨਹੀਂ।

26 ਸਾਲ ਭੋਰਿਆਂ ਵਿੱਚ ਰਹਿਣ ਵਾਲੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅੱਜ ਸ਼ਰਨ ਆਇਆਂ ਦੀ ਲਾਜ ਰੱਖਣ ਲਈ ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਦਿੱਲੀ ਵੱਲ ਚਾਲੇ ਪਾ ਦਿੱਤੇ ਤੇ ਆਪਣੀ ਸ਼ਹੀਦੀ ਦੇ ਕੇ ਦਇਆ ਕਮਾਉਣੀ ਸਿਖਾ ਦਿੱਤੀ। ਇਉਂ ਕਹਿ ਲਈਏ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫਰ ਹੈ ਤੇ ਕੋਈ ਅਤਿਕਥਨੀ ਨਹੀਂ।

ਆਓ, ਅਸੀਂ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਜੀਵਨ ਦੇ ਇਸ ਪਾਵਨ ਗੁਣ ਨੂੰ ਕਿਨਕਾ ਮਾਤਰ ਅੰਦਰ ਧਾਰਨ ਕਰੀਏ ਤੇ ਅਰਦਾਸ ਕਰੀਏ, ਸਤਿਗੁਰੂ ਜੀ, ਕਿਰਪਾ ਕਰੋ, ਆਪ ਜੀ ਦੇ ਪਾਏ ਹੋਏ ਪਾਵਨ ਰਸਤੇ ਤੇ ਕਿਨਕਾ ਮਾਤਰ ਅਸੀਂ ਵੀ ਚੱਲ ਸਕੀਏ। ਦਇਆ ਕਮਾਉਣ ਦਾ ਇਹ ਗੁਣ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਡੇ ਅੰਦਰ ਵੀ ਆਵੇ ਤੇ ਸਤਿਗੁਰੂ ਜੀ ਦੀ ਇਹ 400 ਸਾਲਾ ਪਾਵਨ ਸ਼ਤਾਬਦੀ ਮਨਾਉਂਦਿਆਂ ਅਸੀਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਦਇਆ ਕਮਾ ਕੇ ਪਿਤਾ ਜੀ ਦੀਆਂ ਖੁਸ਼ੀਆਂ ਲਈਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*—ਸੰਪਾਦਕ*

**ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰ ਕੌਰ ਜੀ ਨੇ ਜਦੋਂ ਸ੍ਰੀ ਆਦਿ ਗ੍ਰੰਥ ਜੀ ਦੀ ਸਾਰੀ ਬਾਣੀ ਦਾ ਪਾਠ ਸਰਵਣ ਕੀਤਾ ਤਾਂ ਕਿਹੜੇ-ਕਿਹੜੇ ਗੁਰਸਿੱਖਾਂ ਨੇ ਰੌਲਾਂ ਦਿੱਤੀਆਂ?**

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਗਿਆਰ੍ਹਵਾਂ ਭਾਗ- ਧੰਨ ਧੰਨ ਮਾਤਾ ਗੁਜਰ ਕੌਰ ਜੀ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਗਿਆਰ੍ਹਵਾਂ ਭਾਗ- ਧੰਨ ਧੰਨ ਮਾਤਾ ਗੁਜਰ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

*ਛੰਤੁ ॥*

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*
*ਕੇਤੇ ਗਨਉ ਅਸੰਖ ਅਵਗਣ ਮੇਰਿਆ ॥*
*ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥*
*ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥*
*ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ ॥*
*ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ ॥੧॥*

*(ਅੰਗ ੭੦੪)*

ਮੇਰੇ ਦਇਆਲੂ ਸਤਿਗੁਰਾਂ ਦੀ ਬਾਣੀ, ਕਿੰਨੀ ਮਿੱਠੀ ਬਾਣੀ ਹੈ। ਕਿਵੇਂ ਗਰੀਬ ਨਿਵਾਜ ਕਿਰਪਾ ਦੇ ਘਰ ਵਿੱਚ ਆਏ ਕਿਹੜਾ ਤਰਸ ਆਇਆ, ਪਤਾ ਨਹੀਂ ਕਿੱਥੇ ਬੈਠ ਕੇ ਉਚਾਰੀ ਹੈ। ਇੱਕ ਲਫਜ਼ ਵਿੱਚ ਹੀ ਕਿੰਨੀ ਗਹਿਰਾਈ ਹੈ।

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*

*(ਅੰਗ ੭੦੪)*

ਜਿਉ ਜਾਨਹੁ ਦਾ ਕੀ ਅਰਥ ਹੈ? ਜਿਵੇਂ ਮਰਜ਼ੀ ਬਿੱਧ ਬਣਾਉਣੀ, ਅਸੀਂ ਤਾਂ ਤੇਰੇ ਹਾਂ। ਆਪੇ ਬਿੱਧ ਬਣਾ। ਸਾਡੇ ਵੱਲ ਨਦਰਿ ਕਰਕੇ ਦੁੱਖ ਕੱਟਣੇ ਹਨ ਤਾਂ ਇੰਝ ਕੱਟ ਦੇ। ਮੱਥੇ ਤੇ ਅੰਗੂਠਾ ਫੇਰ ਕੇ ਦੁੱਖ ਕੱਟਣੇ ਹਨ ਤੇ ਇੰਝ ਕੱਟ ਦੇ।

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*

*(ਅੰਗ ੭੦੪)*

ਸੁਪਨੇ ਵਿੱਚ ਕੱਟਣੇ ਹਨ ਤਾਂ ਇੰਝ ਕੱਟ ਦੇ। ਕਿਸੇ ਗੁਰਸਿੱਖ ਦੇ ਦਰਸ਼ਨ ਕਰਵਾ ਕੇ ਕੱਟਣੇ ਹਨ ਤੇ ਇੰਝ

ਕੱਟ ਦੇ। ਜਿਵੇਂ ਤੂੰ ਬਿੱਧ ਬਣਾਉਣੀ ਹੈ, ਬਣਾ ਦੇ ਪਰ ਮਹਾਰਾਜ ਜੀ, ਤੇਰੇ ਹਾਂ। ਕਿਰਪਾ ਕਰੀਂ।

*ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥*

*(ਅੰਗ ੭੦੪)*

ਅਵਾਜ਼ ਆਈ, ਕੋਈ ਗੁਣ ਹੈ? ਤੇਰੇ ਕੋਲ ਕੋਈ ਗੁਣ ਹੈ ਕਿ ਤੈਨੂੰ ਰੱਖਾਂ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਪਿਆਰ ਵਿੱਚ ਕਹਿੰਦੇ, ਮਹਾਰਾਜ ਜੀ, ਗੁਣ ਇੱਕ ਪਾਸੇ, ਅਵਗੁਣ ਵੀ ਹਜ਼ਾਰਾਂ ਨਹੀਂ, ਲੱਖਾਂ ਨਹੀਂ, ਕਰੋੜਾਂ ਨਹੀਂ, ਅਰਬਾਂ ਨਹੀਂ, ਅਸੰਖ (ਸੰਖਿਆ ਤੋਂ ਰਹਿਤ) ਅਵਗੁਣ ਹਨ, ਗਿਣੇ ਹੀ ਨਹੀਂ ਜਾ ਸਕਦੇ।

*ਕੇਤੇ ਗਨਉ ਅਸੰਖ ਅਵਗਣ ਮੇਰਿਆ ॥*

*(ਅੰਗ ੭੦੪)*

*ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ।*
*ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ।*

ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਇਸ ਅੰਕ ਵਿੱਚ ਗਿਆਰ੍ਹਵਾਂ ਭਾਗ ਹੈ। ਆਓ ਜੀ, ਪਹਿਲੇ ਸ਼ਬਦ ਦੀ ਹਾਜ਼ਰੀ ਲਗਾਈਏ:

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥*

*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਇਸ ਅੰਕ ਵਿੱਚ ਗਿਆਰ੍ਹਵੇਂ ਭਾਗ ਦੀ ਵਾਰੀ ਹੈ। ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਂਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਗਿਆਰ੍ਹਵੇਂ ਭਾਗ ਦੀ ਵਾਰੀ ਹੈ। ਸਾਰੀਆਂ ਸੰਗਤਾਂ ਨੇ ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਮਾਤਾ ਗੁਜਰ ਕੌਰ ਜੀ ਜਿਨ੍ਹਾਂ ਦਾ ਨਾਂ ਸੁਣ ਕੇ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਸਾਡੇ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਇੰਨਾ ਪਿਆਰਾ ਹੈ, ਇੰਨੀਆਂ ਬਖਸ਼ੀਆਂ ਮਾਤਾਵਾਂ, ਇਸ ਘਰ ਵਿੱਚ ਹੋਈਆਂ ਹਨ। ਮਾਤਾ ਗੁਜਰ ਕੌਰ ਜੀ ਦੇ ਪਹਿਲੇ ਜੀਵਨ ਦੇ ਦਰਸ਼ਨ ਕਰਨਾ। ਇਹ ਵਿਰਲਿਆਂ ਦੇ ਹਿੱਸੇ ਆਉਂਦਾ ਹੈ। ਮਾਤਾ ਗੁਜਰ ਕੌਰ ਜੀ ਗੁਰੂ ਸਾਹਿਬ ਦੀ ਨੂੰਹ ਹੋਏ ਹਨ, ਗੁਰੂ ਸਾਹਿਬ ਦੇ ਘਰੋਂ (ਮਹਿਲ) ਹੋਏ ਹਨ ਤੇ ਗੁਰੂ ਸਾਹਿਬ ਦੀ ਮਾਤਾ ਵੀ ਹੋਏ ਹਨ। ਗੁਰੂ ਦੀ ਨੂੰਹ, ਗੁਰੂ ਦੇ ਘਰੋਂ (ਮਹਿਲ) ਤੇ ਗੁਰੂ ਦੀ ਮਾਤਾ। ਗੁਰੂ ਦੀ ਨੂੰਹ ਕਿਵੇਂ? ਮਾਤਾ ਗੁਜਰ ਕੌਰ ਜੀ ਛੇਵੇਂ ਪਾਤਸ਼ਾਹ ਧੰਨ ਸ੍ਰੀ

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨੂੰਹ ਹਨ। ਗੁਰੂ ਦੇ ਘਰੋਂ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਧਰਮ ਪਤਨੀ। ਗੁਰੂ ਦੀ ਮਾਤਾ, ਕਲਗੀਧਰ ਪਿਤਾ ਜੀ ਦੇ ਮਾਤਾ ਜੀ। ਦੂਸਰਾ ਇਤਿਹਾਸਕਾਰਾਂ ਨੇ ਪਿਆਰ ਨਾਲ ਲਿਖਿਆ ਹੈ। ਕਹਿੰਦੇ, ਮਾਤਾ ਗੁਜਰ ਕੌਰ ਜੀ, ਸ਼ਹੀਦ ਗੁਰੂ ਦੀ ਧਰਮ ਸੁਪਤਨੀ ਹੋਏ ਹਨ ਤੇ ਸ਼ਹੀਦ ਪੋਤਰਿਆਂ ਦੀ ਦਾਦੀ ਜੀ ਹੋਏ ਹਨ।

ਮਾਤਾ ਗੁਜਰ ਕੌਰ ਜੀ ਦੇ ਪਿਤਾ ਜੀ ਦਾ ਨਾਂ, ਭਾਈ ਲਾਲ ਚੰਦ ਜੀ। ਮਾਤਾ ਜੀ ਦਾ ਨਾਂ, ਮਾਤਾ ਬਿਸ਼ਨ ਕੌਰ ਜੀ। ਇਹ ਥੋੜ੍ਹਾ ਜਿਹਾ ਉਨ੍ਹਾਂ ਦੇ ਆਲੇ-ਦੁਆਲੇ ਤੇ ਝਾਤੀ। ਹੁਣ ਅੱਗੋਂ ਮਹਾਰਾਜ ਜੀ ਸੇਵਾ ਲੈਣ। ਸ਼ਹੀਦ ਗੁਰੂ ਦੀ ਪਤਨੀ, ਸ਼ਹੀਦ ਪੋਤਰਿਆਂ ਦੀ ਦਾਦੀ, ਗੁਰੂ ਦੀ ਨੂੰਹ, ਗੁਰੂ ਦੀ ਪਤਨੀ, ਗੁਰੂ ਦੀ ਮਾਤਾ ਕਹਿ ਦਿਓ ਪਿਆਰ ਵਿੱਚ ਸਾਰੇ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

*ਧੰਨ ਧੰਨ ਮਾਤਾ ਗੁਜਰ ਕੌਰ ਜੀ*

ਮਾਤਾ ਗੁਜਰ ਕੌਰ ਜੀ ਦਾ ਰਿਸ਼ਤਾ ਹੋਇਆ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ। ਅਨੰਦ ਕਾਰਜ ਹੋ ਗਏ। ਰਾਈਟਰਾਂ ਦੀਆਂ ਕਿਤਾਬਾਂ ਵਿੱਚੋਂ ਮਿਲਿਆ ਹੈ ਕਿ ਡੋਲੀ ਤੋਰਨ ਵੇਲੇ ਮਾਤਾ ਗੁਜਰ ਕੌਰ ਜੀ ਦੇ ਸਤਿਕਾਰਯੋਗ ਮਾਤਾ ਬਿਸ਼ਨ ਕੌਰ ਜੀ ਨੇ ਮਾਤਾ ਗੁਜਰ ਕੌਰ ਜੀ ਨੂੰ ਚਾਰ ਉਪਦੇਸ਼ ਦਿੱਤੇ ਹਨ। ਪਹਿਲਾ ਉਪਦੇਸ਼ ਮਾਂ ਨੇ ਦਿੱਤਾ, ਮਾਤਾ ਗੁਜਰ ਕੌਰ ਜੀ ਦੀ ਮਾਤਾ ਜੀ ਨੇ ਡੋਲੀ ਤੋਰਨ ਵੇਲੇ, ਦਾਸ ਨੂੰ ਬੜਾ ਹੀ ਚੰਗਾ ਲੱਗਾ ਹੈ, ਕਹਿਣ ਲੱਗੇ, ਬੱਚੀਏ, ਚਾਰ ਉਪਦੇਸ਼ ਹਨ, ਹਿਰਦੇ ਤੇ ਲਿਖ ਲੈ। ਇਹ ਮਾਤਾ ਗੁਜਰ ਕੌਰ ਜੀ ਦਾ ਪਹਿਲਾ ਸਮਾਂ ਹੈ। ਡੋਲੀ ਤੋਰਨ ਵੇਲੇ। ਮਾਤਾ ਜੀ ਨੇ ਪਹਿਲੀ ਗੱਲ ਕਹੀ, ਮਾਤਾ ਗੁਜਰ ਕੌਰ ਜੀ ਨੂੰ ਡੋਲੀ ਵਿੱਚ ਤੋਰਨ ਵੇਲੇ, ਕਿਉਂਕਿ ਇਹ ਮਾਤਾ ਜੀ ਦੇ ਪਿਤਾ ਜੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਪਹਿਲੇ ਸਿੱਖ ਸੀ, ਲਾਡਲੇ ਸਿੱਖ, ਹੁਕਮ ਮੰਨਣ ਵਾਲੇ ਸਿੱਖ, ਮਗਰ ਹਕੀਕੀ ਪ੍ਰੇਮ ਦੀਆਂ ਗੁੜ੍ਹਤੀਆਂ ਸਨ। ਮਾਤਾ ਗੁਜਰ ਕੌਰ ਜੀ ਦੇ ਸਤਿਕਾਰਯੋਗ ਮਾਤਾ ਜੀ ਨੇ ਮਾਤਾ ਗੁਜਰ ਕੌਰ ਜੀ ਨੂੰ ਡੋਲੀ ਤੋਰਨ ਵੇਲੇ ***ਪਹਿਲਾ ਉਪਦੇਸ਼ ਕੀਤਾ, ਗੁਜਰੀ ਦਾ ਅਰਥ ਹੈ, ਸੁੱਖ ਦੇਣਾ। ਬੱਚੀਏ, ਆਪਣੇ ਨਾਮ ਨੂੰ ਲਾਜ ਨਾ ਲੱਗਣ ਦੇਈਂ, ਜਾ ਕੇ ਸੁੱਖ ਦੇਈਂ। ਦੂਜਾ ਉਪਦੇਸ਼ ਦਿੱਤਾ ਕਿ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਪਰਮੇਸ਼ਰ ਜਾਣ ਕੇ ਕਰੀਂ।*** ਹਾਲੇ ਉਦੋਂ ਨੌਵੇਂ ਪਾਤਸ਼ਾਹ ਜੀ ਗੁਰਗੱਦੀ ਤੇ ਬਿਰਾਜਮਾਨ ਨਹੀਂ ਸੀ ਹੋਏ। ਅੱਜ ਦੇ ਸਮੇਂ ਮੁਤਾਬਿਕ ਗੱਲਾਂ ਅਜੀਬ ਜਾਪਣਗੀਆਂ। ਤੀਜਾ ਉਪਦੇਸ਼, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਬਚਨ ਲਿਖੇ ਹਨ।

*ਪਤੀ ਸਮ ਈਸ ਪਛਾਣ ਕੈ*

ਈਸ ਕਹਿੰਦੇ ਹਨ, ਈਸ਼ਵਰ ਨੂੰ।

*ਪਤੀ ਸਮ ਈਸ ਪਛਾਣ ਕੈ*

*ਪੁੱਤ੍ਰੀ ਕਰ ਸੇਵ ਪਤੀ ਪਰਮੇਸ਼ਰ ਜਾਣੀਐ*

ਪਰਮੇਸ਼ਰ ਜਾਣ ਕੇ ਸੇਵਾ ਕਰੀਂ। ਤੀਸਰਾ ਉਪਦੇਸ਼, ਮਾਤਾ ਗੁਜਰ ਕੌਰ ਜੀ ਦੇ ਮਾਤਾ ਜੀ ਨੇ ਦਿੱਤਾ, ਦਾਸ ਨੂੰ ਬੜਾ ਚੰਗਾ ਲੱਗਾ ਹੈ, ਭਾਵੇਂ ਸਮੇਂ ਹੋਰ ਆ ਗਏ ਹਨ। ***ਤੀਜਾ ਉਪਦੇਸ਼ ਸੀ, ਐਸਾ ਮੌਕਾ ਨਾ ਆਉਣ ਦੇਣਾ ਕਿ ਸੱਸ ਮਾਤਾ ਨੂੰ ਕੁਝ ਕਹਿਣਾ ਪਵੇ।*** ਇਹ ਬਚਨ ਪੜ੍ਹ ਕੇ ਪਤਾ ਨਹੀਂ ਕਿਹੜਾ ਘਰ ਸੱਚਖੰਡ ਬਣ ਜਾਵੇ। ਐਸਾ ਮੌਕਾ ਨਾ ਆਉਣ ਦੇਈਂ ਕਿ ਸੱਸ ਮਾਤਾ ਨੂੰ ਕੁਝ ਕਹਿਣਾ ਪਵੇ। ਚੌਥਾ ਉਪਦੇਸ਼ ਬੜਾ ਹੀ ਪਿਆਰਾ ਹੈ। ਮਾਤਾ ਗੁਜਰ ਕੌਰ ਜੀ ਦੇ ਸਤਿਕਾਰਯੋਗ ਮਾਤਾ ਜੀ ਕਹਿ ਰਹੇ ਹਨ। ਪੰਜ ਚੀਜ਼ਾਂ ਬੋਲੀਆਂ ਹਨ, ਚੌਥੇ ਉਪਦੇਸ਼ ਵਿੱਚ ਸਬਰ, ਸੰਤੋਖ, ਸਿਮਰਨ, ਸੇਵਾ, ਪ੍ਰੇਮ। ਇਹ ਪੰਜ ਚੀਜ਼ਾਂ

ਬੋਲੀਆਂ ਮਾਤਾ ਜੀ ਨੇ। ***ਚੌਥਾ ਉਪਦੇਸ਼ ਦਿੱਤਾ, ਬੱਚੀਏ, ਸਬਰ, ਸੰਤੋਖ, ਸਿਮਰਨ, ਸੇਵਾ, ਪ੍ਰੇਮ ਇਨ੍ਹਾਂ ਪੰਜਾਂ ਚੀਜ਼ਾਂ ਨੂੰ ਸਹੁਰੇ ਘਰ ਜਾ ਕੇ ਪਹਿਲ ਦੇਣੀ ਹੈ।*** ਦੁੱਖ ਆਵੇਗਾ ਹੀ ਨਹੀਂ। ਸਬਰ ਨੂੰ ਪਹਿਲ ਦੇਈਂ। ਸੰਤੋਖ ਨੂੰ ਪਹਿਲ ਦੇਈਂ। ਸਿਮਰਨ ਨੂੰ ਪਹਿਲ ਦੇਈਂ। ਸੇਵਾ ਨੂੰ ਪਹਿਲ ਦੇਈਂ। ਪ੍ਰੇਮ ਨੂੰ ਪਹਿਲ ਦੇਈਂ। ਇਨ੍ਹਾਂ ਪੰਜਾਂ ਚੀਜ਼ਾਂ ਨੂੰ ਪਹਿਲ ਦੇਣਾ। ਕੈਸਾ ਗੁਰੂ ਨਾਨਕ ਮਹਾਰਾਜ ਦਾ ਘਰ ਹੈ। ਪੜ੍ਹਿਓ ਜੀ :

*ਪੂਰੇ ਗੁਰ ਕਾ ਸੁਨਿ ਉਪਦੇਸੁ ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥*

*(ਅੰਗ ੨੯੫)*

ਮਾਤਾ ਗੁਜਰ ਕੌਰ ਜੀ ਦੇ ਮਾਤਾ ਜੀ ਨੇ ਗੁਰਮਤਿ ਅਨੁਸਾਰ ਇਹ ਚਾਰ ਉਪਦੇਸ਼ ਝੋਲੀ ਵਿੱਚ ਪਾਏ ਤੇ ਕਿਹਾ ਇਨ੍ਹਾਂ ਦਾ ਧਿਆਨ ਰੱਖੀਂ। ਹੁਣ ਅੱਗੇ ਆ ਜਾਓ। ਛੇਵੇਂ ਪਾਤਸ਼ਾਹ ਜੀ ਨੇ ਫੁਰਨਾ ਬਣਾਇਆ। ਬਹੁਤ ਪਿਆਰੀ ਗੱਲ ਹੈ। ਛੇਵੇਂ ਪਾਤਸ਼ਾਹ ਜੀ ਨੇ ਫੁਰਨਾ ਬਣਾਇਆ, ਕੀ? ਵਿਚਾਰ ਰੱਖੀ, ਕੀ? ਧੰਨ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਗੱਦੀ ਦੇਣੀ ਹੈ। ਧੰਨ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ, ਮਾਤਾ ਨਾਨਕੀ ਜੀ, ਕਹਿਣ ਲੱਗੇ, ਛੇਵੇਂ ਪਾਤਸ਼ਾਹ ਜੀ ਨੂੰ ਮੇਰੇ ਪੁੱਤਰ ਨੂੰ ਤੁਸੀਂ ਗੱਦੀ ਤੋਂ ਵਾਂਝਾ ਰੱਖ ਰਹੇ ਹੋ, ਧੰਨ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਗੱਦੀ ਦੇਣ ਦਾ ਵਿਚਾਰ ਹੈ। ਧੰਨ ਗੁਰੂ ਹਰਿਰਾਇ ਸਾਹਿਬ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਹੋਏ ਹਨ, ਛੇਵੇਂ ਪਾਤਸ਼ਾਹ ਜੀ ਨੇ ਪਹਿਲਾਂ ਪੋਤਰੇ ਨੂੰ ਗੁਰਗੱਦੀ ਬਖਸ਼ੀ। ਮਾਤਾ ਨਾਨਕੀ ਜੀ ਨੇ ਬੇਨਤੀ ਕੀਤੀ, ਸਤਿਗੁਰੂ ਜੀ ਤੁਸੀਂ ਮੇਰੇ ਪੁੱਤਰ ਨੂੰ ਗੁਰਗੱਦੀ ਤੋਂ ਵਾਂਝਾ ਰੱਖ ਰਹੇ ਹੋ। ਇਹ ਭੋਲਾ-ਭਾਲਾ ਵੀ ਹੈ। ਧੰਨ ਗੁਰੂ ਤੇਗ ਬਹਾਦਰ ਜੀ ਬਹੁਤ ਭੋਲੇ ਸੀ। ਬਹੁਤਾ ਬੋਲਦੇ ਵੀ ਨਹੀਂ ਸਨ। ਜਦੋਂ ਆਗਮਨ ਹੋਇਆ ਸੀ, ਉਦੋਂ ਤੁਸੀਂ ਕੁਝ ਹੋਰ ਕਿਹਾ ਸੀ। ਬੜੀ ਵੱਡੀ ਸੇਵਾ ਇਨ੍ਹਾਂ ਤੋਂ ਲਵਾਂਗੇ। ਇਨ੍ਹਾਂ ਨੂੰ ਵਾਂਝਾ ਰੱਖ ਰਹੇ ਹੋ। ਹਰ ਮਾਂ ਨੂੰ ਹੁੰਦਾ ਹੈ ਕਿ ਮੇਰਾ ਪੁੱਤਰ ਅੱਗੇ ਆਵੇ। ਕੈਸੇ ਸਾਡੇ ਗੁਰੂ ਸਾਹਿਬ ਹਨ। ਧੰਨ ਗੁਰੂ ਤੇਗ ਬਹਾਦਰ ਜੀ ਬਾਰੇ ਮਾਤਾ ਨਾਨਕੀ ਜੀ ਨੇ ਗੱਲ ਕਹੀ ਕਿ ਮੇਰੇ ਪੁੱਤਰ ਨੂੰ ਵਾਂਝਾ ਰੱਖ ਰਹੇ ਹੋ, ਧੰਨ ਗੁਰੂ ਤੇਗ ਬਹਾਦਰ ਜੀ ਨੂੰ ਤੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ ਉਸ ਵੇਲੇ ਪਰਸ਼ਾਦਾ ਛੱਕ ਰਹੇ ਸੀ। ਪਰਸ਼ਾਦਾ ਛੱਕਣ ਤੋਂ ਬਾਅਦ ਹੱਥ ਸੁੱਚੇ ਕੀਤੇ ਤੇ ਜਿਸ ਰੁਮਾਲ ਨਾਲ ਹੱਥ ਸੁੱਚੇ ਕਰਕੇ ਹੱਥ ਪੂੰਜੇ। ਕਹਿਣ ਲੱਗੇ, ਨਾਨਕੀ ਜੀ, ਝੋਲੀ ਕਰੋ। ਧੰਨ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਤੇ ਛੇਵੇਂ ਪਾਤਸ਼ਾਹ ਜੀ ਦੇ ਮਹਿਲ। ਉਨ੍ਹਾਂ ਨੇ ਜਦੋਂ ਝੋਲੀ ਕੀਤੀ ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਹ ਰੁਮਾਲ ਜਿਸ ਨਾਲ ਪਰਸ਼ਾਦਾ ਛੱਕ ਕੇ ਹੱਥ ਪੂੰਝੇ ਸੀ, ਉਹ ਰੁਮਾਲ ਝੋਲੀ ਵਿੱਚ ਪਾਇਆ ਤੇ ਲਿਖਿਆ ਹੈ, ਇੱਕ ਕਿਰਪਾਨ ਝੋਲੀ ਵਿੱਚ ਪਾਈ। ਇਹ ਦੋਵੇਂ ਚੀਜ਼ਾਂ ਝੋਲੀ ਵਿੱਚ ਪਾ ਕੇ ਕਹਿੰਦੇ, ਬਕਾਲੇ ਚਲੇ ਜਾਓ। ਬਾਬਾ ਬਕਾਲਾ। ਬਾਬਾ ਨਾਂ ਬਾਅਦ ਵਿੱਚ ਲੱਗਿਆ ਹੈ ਜਦੋਂ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਬਚਨ ਕੀਤਾ ਸੀ ਕਿ ਗੁਰੂ ਬਾਬਾ ਬਕਾਲੇ। ਛੇਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ ਮਾਤਾ ਨਾਨਕੀ ਜੀ ਨੂੰ ਬਕਾਲੇ ਚਲੇ ਜਾਓ। ਬਕਾਲੇ ਕਿਉਂ ਕਿਹਾ? ਮਾਤਾ ਨਾਨਕੀ ਜੀ ਦੇ ਪੇਕੇ ਸੀ। ਇਹ ਚੀਜ਼ਾਂ ਪੜ੍ਹਨ ਨਾਲ ਪਤਾ ਲੱਗਦਾ ਹੈ ਕਿ ਧੰਨ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲੇ ਗਏ। ਮਾਤਾ ਨਾਨਕੀ ਜੀ ਦੇ ਪੇਕੇ ਹੋ ਗਏ ਤੇ ਧੰਨ ਗੁਰੂ ਤੇਗ ਬਹਾਦਰ ਜੀ ਦੇ ਨਾਨਕੇ ਹੋ ਗਏ। ਨਾਨਕੇ ਸੀ। ਮਾਤਾ ਨਾਨਕੀ ਜੀ ਦੇ ਪੇਕੇ ਤੇ ਮਹਾਰਾਜ ਜੀ ਨੇ ਕਿਹਾ ਕਿ ਬਕਾਲੇ ਚਲੇ ਜਾਓ। ਮਹਾਰਾਜ ਜੀ, ਇਸ ਰੁਮਾਲ ਤੇ ਕਿਰਪਾਨ ਨੂੰ ਕੀ ਕਰਾਂਗੀ? ਧੰਨ ਗੁਰੂ ਹਰਿਗੋਬਿੰਦ ਸਾਹਿਬ ਕਹਿੰਦੇ, ਸਮਾਂ ਆਵੇਗਾ, ਇਹ ਗੁਰਗੱਦੀ ਦੀ ਦਾਤ ਨੌਵੀਂ ਜਗ੍ਹਾ ਤੇ ਤੁਹਾਡੇ ਪੁੱਤਰ ਦੀ ਝੋਲੀ ਵਿੱਚ ਆਵੇਗੀ। ਇਹ ਰੁਮਾਲ ਜਿਹੜਾ ਤੁਹਾਡੀ ਝੋਲੀ ਵਿੱਚ ਪਾਇਆ ਹੈ, ਇਹ ਰੁਮਾਲ ਉਸ ਵੇਲੇ ਆਪਣੇ ਪੁੱਤਰ ਦੀ

ਝੋਲੀ ਵਿੱਚ ਪਾ ਦੇਣਾ। ਇਸ ਰੁਮਾਲ ਤੋਂ ਭਾਵ ਧਰਮ ਦੀ ਚਾਦਰ ਬਣ ਕੇ ਤੁਹਾਡਾ ਪੁੱਤਰ ਸਾਰੇ ਹਿੰਦੁਸਤਾਨ ਦੀ ਰਾਖੀ ਕਰੇਗਾ। ਪੜ੍ਹਦੇ ਢੱਕੇਗਾ ਤੇ ਨਾਲ ਹੀ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਮਹਿਲ ਮਾਤਾ ਨਾਨਕੀ ਜੀ ਨੂੰ ਕਿਰਪਾਨ ਬਖਸ਼ਿਸ਼ ਕੀਤੀ ਤੇ ਫਿਰ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਗਲਾ ਬਚਨ ਕੀਤਾ, ਤੇਰਾ ਇਹੋ ਜਿਹਾ ਮਹਾਂਬਲੀ ਯੋਧਾ ਪੋਤਰਾ ਜਦੋਂ ਧਰਤੀ ਤੇ ਆਵੇਗਾ, ਇਹ ਕਿਰਪਾਨ ਸਾਡੇ ਵੱਲੋਂ ਉਸ ਦੀ ਝੋਲੀ ਪਾ ਦੇਣਾ, ਬਹੁਤ ਵੱਡੇ-ਵੱਡੇ ਜ਼ੁਲਮਾਂ ਦਾ ਉਹ ਨਾਸ਼ ਕਰੇਗਾ। ਆਪ ਅਵਤਾਰ ਪ੍ਰਗਟ ਹੋਵੇਗਾ। ਮਾਤਾ ਜੀ ਬੜੇ ਖੁਸ਼ ਹੋਏ। ਹੁਣ ਆ ਗਏ, ਜਿਨ੍ਹਾਂ ਨੂੰ ਅਸੀਂ ਬਾਬਾ ਬਕਾਲਾ ਕਹਿੰਦੇ ਹਾਂ। ਪੇਕੇ ਸੀ, ਮਾਤਾ ਨਾਨਕੀ ਜੀ ਦੇ। ਧੰਨ ਗੁਰੂ ਤੇਗ ਬਹਾਦਰ ਜੀ ਦੇ ਨਾਨਕੇ। ਇਹ ਛੇਵੇਂ ਪਾਤਸ਼ਾਹ ਜੀ ਦਾ ਜ਼ਿਕਰ ਤਾਂ ਬੋਲਣਾ ਪਿਆ ਹੈ ਕਿਉਂਕਿ ਇੱਥੇ ਵਿਚਾਰ ਲਿਆਉਣੀ ਸੀ ਕਿ ਧੰਨ ਗੁਰੂ ਤੇਗ ਬਹਾਦਰ ਜੀ ਭੋਰਿਆਂ ਵਿੱਚ ਬੈਠੇ ਤੇ ਜਿਹੜਾ ਮਾਤਾ ਗੁਜਰ ਕੌਰ ਜੀ ਦਾ ਜ਼ਿਕਰ ਕਰ ਰਹੇ ਹਾਂ ਉਨ੍ਹਾਂ ਦੀ ਘਾਲਣਾ। ਸਾਧ ਸੰਗਤ ਜੀ, ਉਹ ਘਾਲਣਾ ਸੌਖੀ ਨਹੀਂ। ਪੜ੍ਹੋ ਪਿਆਰ ਨਾਲ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲੇ ਆ ਗਏ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੁਪਤਨੀ, ਮਾਤਾ ਗੁਜਰ ਕੌਰ ਜੀ ਤੇ ਮਾਤਾ, ਮਾਤਾ ਨਾਨਕੀ ਜੀ। ਨੌਂਵੇਂ ਪਾਤਸ਼ਾਹ ਜੀ ਅਜੇ ਗੁਰਗੱਦੀ ਤੇ ਨਹੀਂ ਸੀ ਬਿਰਾਜਮਾਨ ਹੋਏ। ਗੁਰੂ ਨਹੀਂ ਬਣੇ। ਹੁਣ ਤੁਹਾਡਾ ਬੜਾ ਵੱਡਾ ਪ੍ਰਸ਼ਨ ਹੱਲ ਹੋਵੇਗਾ। ਕਈ ਵਾਰੀ ਸਮਾਗਮਾਂ ਦਾ ਨਾਂ ਰੱਖਿਆ ਜਾਂਦਾ ਹੈ, ਜਪ-ਤਪ ਸਮਾਗਮ ਤੇ ਕਈ ਬੰਦੇ ਜਿਨ੍ਹਾਂ ਨੂੰ ਸਮਝ ਨਹੀਂ, ਇਤਰਾਜ਼ ਵੀ ਕਰਦੇ ਹਨ ਕਿ ਜਪ-ਤਪ ਸਮਾਗਮ ਚੱਲ ਰਹੇ ਹਨ ਜਾਂ ਪ੍ਰੇਰਨਾ ਦਿੱਤੀ ਜਾਂਦੀ ਹੈ। ਬਾਬਾ ਬਕਾਲੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਸਿਮਰਨ ਕੌਰ, ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਲਿਖਿਆ ਹੈ ਕਿ ਧੰਨ ਗੁਰੂ ਤੇਗ ਬਹਾਦਰ ਜੀ ਨੇ ਤਕਰੀਬਨ 26 ਸਾਲ 9 ਮਹੀਨੇ 13 ਦਿਨ ਭੋਰੇ ਵਿੱਚ ਜਪ-ਤਪ ਕੀਤਾ। ਅੱਜ ਮਾਤਾ ਗੁਜਰ ਕੌਰ ਜੀ ਨੂੰ ਕਿਉਂ ਧੰਨ ਕਿਹਾ ਜਾ ਰਿਹਾ ਹੈ। ਦਾਸ ਸਾਰੇ ਰਾਈਟਰਾਂ ਦੀਆਂ ਕਿਤਾਬਾਂ ਪੜ੍ਹ ਕੇ ਹੈਰਾਨ ਹੋ ਗਿਆ। ਮਾਤਾ ਗੁਜਰ ਕੌਰ ਜੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਦੇ ਇਸ਼ਨਾਨ ਦੀ ਸੇਵਾ ਆਪ ਕਰਵਾਉਂਦੇ ਸੀ, ਬਸਤਰਾਂ ਦੀ ਸੇਵਾ, ਸੁੱਚਮਤਾ ਦਾ ਧਿਆਨ, ਜਲ ਭਰ ਕੇ ਦੇਣਾ, ਇਹ ਕੋਈ ਸੌਖੀ ਗੱਲ ਨਹੀਂ। ਭਾਈ ਮਨੀ ਸਿੰਘ ਜੀ ਦੀ ਟਕਸਾਲ ਵਿੱਚ ਸੰਤ ਗਿਆਨੀ ਕਿਰਪਾਲ ਸਿੰਘ ਜੀ ਨੇ ਲਿਖਿਆ ਹੈ, ਦਾਸ ਨੂੰ ਅਨੰਦ ਆਇਆ ਹੈ, ਦਾਸ ਤਾਂ ਥਾਨ ਖੋਲ੍ਹ ਰਿਹਾ ਹੈ, ਜਿਹੜਾ ਬਾਬੇ ਬਕਾਲੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਕਰੀਬਨ 26 ਸਾਲ 9 ਮਹੀਨੇ 13 ਦਿਨ ਭੋਰੇ ਵਿੱਚ ਜਪ-ਤਪ ਕੀਤਾ ਤੇ ਉਨ੍ਹਾਂ ਨੇ ਲਿਖਿਆ ਹੈ, ਜਿਹੜਾ ਭੋਰਾ ਸੀ, ਉਹ ਚਾਰ ਫੁੱਟ ਤੇ ਦਸ ਇੰਚ ਦਾ ਸੀ। ਜਿਹੜਾ ਗੁਰੂ ਤੇਗ ਬਹਾਦਰ ਜੀ ਨੇ ਭੋਰਾ ਬਣਾਇਆ ਸੀ, ਪੌੜੀ ਉਤਰ ਕੇ ਜਿਸ ਭੋਰੇ ਵਿੱਚ ਬੈਠਦੇ ਸੀ, ਉਹ ਭੋਰਾ ਚਾਰ ਫੁੱਟ ਦਸ ਇੰਚ ਦਾ ਸੀ। ਉਸ ਦਾ ਥੜ੍ਹਾ ਤੇ ਜਿਸ ਤੇ ਮਹਾਰਾਜ, ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਚੌਂਕੜਾ ਮਾਰਦੇ ਸੀ। ਭੋਰੇ ਦਾ ਕੀ ਮਤਲਬ ਹੈ? ਬਾਹਰਲੀ ਅਵਾਜ਼ ਤੰਗ ਨਾ ਕਰੇ। ਬਾਹਰਲਾ ਰੌਲਾ ਤੰਗ ਨਾ ਕਰੇ। ਇਕਾਗਰਤਾ ਹੋਰ ਬਣ ਜਾਵੇ। ਚਾਰ ਫੁੱਟ ਦਸ ਇੰਚ ਦਾ ਭੋਰਾ ਸੀ। ਤਕਰੀਬਨ 26 ਸਾਲ 9 ਮਹੀਨੇ 13 ਦਿਨ ਉਸ ਭੋਰੇ ਵਿੱਚ ਤਪ ਕੀਤਾ। ਕੀ ਇਹ ਜਪ-ਤਪ ਨਹੀਂ? ਕਈ ਕਹਿੰਦੇ ਹਨ ਕਿ ਇਹ ਕਿਉਂ ਲਿਖਦੇ ਹਨ, ਜਪ-ਤਪ ਸਮਾਗਮ। ਕੀ ਗੁਰੂ ਤੇਗ ਬਹਾਦਰ ਜੀ ਦੇ ਇਹ ਪੂਰਨੇ ਸਾਡੇ ਲਈ ਮਾਰਗ ਨਹੀਂ, ਗੁਰੂ ਪ੍ਰੇਮ ਵਿੱਚ ਚੌਂਕੜੇ ਮਾਰਨੇ? ਸਿਮਰਨ ਅਭਿਆਸ ਕਰਨਾ।

ਤੁਸੀਂ ਹੈਰਾਨ ਹੋਵੋਗੇ, ਢਾਈ ਕੁ ਵਜੇ ਦਾ ਸਮਾਂ ਲਿਖਿਆ ਹੈ, ਰਾਤ ਦਾ। ਮਹਾਰਾਜ ਜੀ ਇਸ਼ਨਾਨ ਕਰਕੇ ਢਾਈ ਵਜੇ ਭੋਰੇ ਵਿੱਚ ਆਉਂਦੇ ਸੀ। ਸਵੇਰੇ ਵਾਹਿਗੁਰੂ ਜਾਣੇ ਕਿ 7 ਵਜੇ ਬਾਹਰ ਆਉਣਾ ਹੈ ਕਿ 8 ਵਜੇ ਆਉਣਾ ਹੈ ਤੇ ਮਹਾਰਾਜ ਜੀ ਭੋਰੇ ਵਿੱਚ ਤੇ ਮਾਤਾ ਗੁਜਰ ਕੌਰ ਜੀ ਬਾਹਰ ਭੋਰੇ ਦੇ ਬੈਠ ਕੇ ਉਹ ਵੀ ਢਾਈ ਵਜੇ ਤੋਂ ਲੈ ਕੇ ਸਵੇਰ ਤੱਕ ਸਾਧ ਸੰਗਤ ਜੀ ਪਾਠ ਪੂਜਾ ਸਿਮਰਨ ਚੌਕੜਾ ਮਾਰ ਕੇ ਕਰਦੇ ਹੀ ਰਹਿੰਦੇ ਸੀ। ਸੇਵਾ ਵੀ, ਚੌਂਕੜਾ ਵੀ। ਇਹ ਹਨ ਮਾਤਾ ਜੀ, ਮਾਤਾ ਗੁਜਰ ਕੌਰ ਜੀ। ਇਹ ਹੈ ਬੰਦਗੀ। ਇਹ ਚੀਜ਼ਾਂ ਘਰਾਂ ਵਿੱਚ ਲਿਆਓ। ਦਾਸ ਦੀ ਬੇਨਤੀ ਹੈ। ਕਿਸੇ ਵੀ ਅਨਜਾਣ ਵਿਅਕਤੀ ਦੇ ਕਹਿਣ ਤੇ ਟੁੱਟ ਨਾ ਜਾਣਾ। ਤੁਹਾਡੇ ਅੰਮ੍ਰਿਤਸਰ ਦੀਆਂ ਕਈ ਭੈਣਾਂ ਨੇ ਜਿਨ੍ਹਾਂ ਨੇ ਦਾਸ ਨੂੰ ਦੱਸਿਆ ਹੈ ਕਿ ਗੁਰੂ ਦੀ ਮਿਹਰ ਨਾਲ ਉਹ ਘਰ ਬੈਠ ਕੇ ਗੋਇੰਦਵਾਲ ਸਾਹਿਬ ਜੀ ਦਾ ਧਿਆਨ ਧਰ ਕੇ ਹਫਤੇ ਵਿੱਚ ਇੱਕ ਵਾਰੀ 84 ਕੱਟਦੀਆਂ ਹਨ। 84 ਪਾਠ ਜਪੁਜੀ ਸਾਹਿਬ। ਲੋੜ ਹੈ ਅੱਜ। ਇਹੋ ਜਿਹੇ ਬੈਨ ਲਗਾਉਣ ਦੀ ਲੋੜ ਹੈ। ਨੂੰਹ ਨੂੰ ਕਹਿ ਦਿੱਤਾ, ਆਇਆ ਗਿਆ ਤੂੰ ਅਟੈਂਡ ਕਰਨਾ ਹੈ। ਧੀ ਨੂੰ ਕਹਿ ਦਿੱਤਾ, ਆਇਆ ਗਿਆ ਤੂੰ ਅਟੈਂਡ ਕਰਨਾ ਹੈ। ਮੋਬਾਇਲ ਤੂੰ ਅਟੈਂਡ ਕਰਨਾ ਹੈ। ਕੋਈ ਵੀ ਘਰ ਕਮਰਾ ਚੁਣਿਆ ਹੈ ਤੇ ਹੁਣ ਸੈਂਚੀ ਸਾਹਿਬ ਹੈ, 10 ਪਾਠ ਜਪੁਜੀ ਸਾਹਿਬ ਵਾਲੀ, 20 ਪਾਠਾਂ ਵਾਲੀ, 50 ਪਾਠਾਂ ਵਾਲੀ। ਹੁਣ ਮੈਂ ਚਾਰ-ਪੰਜ-ਛੇ ਘੰਟੇ ਅੰਦਰ ਰਹਿ ਕੇ 84 ਪਾਠ ਜਪੁਜੀ ਸਾਹਿਬ ਦੀ ਹਾਜ਼ਰੀ ਲਗਾਉਣੀ ਹੈ। ਇਹ ਗੁਰਮਤਿ ਹੈ। ਕੋਈ ਘਰਾਂ ਵਿੱਚ ਸੁਣਨ ਵਾਲਾ ਜਾਂ ਦੀਵਾਨ ਵਿੱਚ ਸੁਣਨ ਵਾਲਾ, ਇਹ ਕਹੇ, ਗੁਰਮਤਿ ਕਿਵੇਂ ਕਹਿ ਦਿੱਤਾ ਤੇ ਅੱਜ ਫਿਰ ਅਰਦਾਸ ਕੀਤੀ, ਮਹਾਰਾਜ ਜੀ, ਆਪਣੀ ਮੋਹਰ ਲਗਾ ਦਿਓ ਕਿ ਜਪ-ਤਪ ਇਹੋ ਜਿਹੇ ਕਰਨੇ ਚਾਹੀਦੇ ਹਨ? ਜਿਹੜੇ ਕਹਿੰਦੇ ਹਨ ਕਿ ਜਪ-ਤਪ ਕਿਉਂ ਰੱਖਦੇ ਹੋ? ਜਾਂ ਜਪ-ਤਪ ਨਾਮ ਰੱਖਣ ਦੀ ਕੋਈ ਲੋੜ ਨਹੀਂ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਵੱਡਾ ਕੋਈ ਨਹੀਂ ਤੇ ਮਹਾਰਾਜ ਜੀ ਦੀ ਬਾਣੀ ਵਿੱਚੋਂ ਉਪਦੇਸ਼ ਹੈ:

*ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ ॥*
*ਅਪੁਨੈ ਠਾਕੁਰਿ ਨਦਰਿ ਨਿਹਾਲਿਆ ॥੪॥*

*(ਅੰਗ ੧੩੪੮)*

ਵੇਖੋ ਬਾਣੀ ਕਹਿ ਰਹੀ ਹੈ। ਦਾਸ ਦੀ ਬੇਨਤੀ ਹੈ, ਸੰਗਤ ਨੂੰ। ਕਈ ਭੈਣਾਂ ਹਫਤੇ ਵਿੱਚ ਇੱਕ ਵਾਰ 84 ਕੱਟਦੀਆਂ ਹਨ। ਬਾਕੀ ਨੇਮ ਤਿੰਨ-ਚਾਰ ਘੰਟੇ ਦਾ ਅਲੱਗ ਹੈ। ਪੂਰੀ 84 ਨਹੀਂ, ਅੱਧੀ 84 ਸਹੀ। ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਹਾਜ਼ਰੀ ਲੱਗੇ, ਉਹ ਵੀ ਕਿਰਪਾ ਹੈ, ਜਾਣਾ ਹੈ। ਕਿਧਰੇ ਘਰ ਬੈਠ ਕੇ ਧਿਆਨ ਉਧਰ ਦਾ ਧਰ ਲਿਆ ਹੈ ਤੇ ਹਾਜ਼ਰੀ ਲਗਾ ਰਹੇ ਹੋ, ਗੁਰੂ ਅਮਰਦਾਸ ਜੀ ਕਹਿਣਗੇ, ਤੈਨੂੰ ਘਰ ਬੈਠਿਆਂ ਵੀ ਮੈਂ ਮਿਲ ਜਾਵਾਂਗਾ। ਗੱਲ ਤਾਂ ਜੁੜਨ ਦੀ ਹੈ। ਕਿਸੇ ਢੰਗ ਨਾਲ ਜੁੜ ਜਾ। ਦੋ ਦਿਨ ਵਿੱਚ ਕਰ ਲਓ। ਆਪਣੀ ਨੂੰਹ, ਬੇਟੀ, ਬੇਟੇ ਕਿਸੇ ਦਾ ਸਹਿਯੋਗ ਲੈਣਾ ਹੈ, ਉਹ ਲੈ ਲਓ ਪਰ ਗੱਲ ਇਹ ਹੈ ਕਿ ਇਹ ਜਪ-ਤਪ ਦੇ ਚੌਂਕੜੇ ਗੁਰਬਾਣੀ ਕਹਿ ਰਹੀ ਹੈ ਲਗਾਈ ਚੱਲੋ :

*ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ ॥*
*ਅਪੁਨੈ ਠਾਕੁਰਿ ਨਦਰਿ ਨਿਹਾਲਿਆ ॥੪॥*

*(ਅੰਗ ੧੩੪੮)*

ਜਿਸ ਨੇ ਇਹ ਜਪ ਤਪ ਸੰਜਮ ਨਾਮ ਨੂੰ ਸੰਭਾਲ ਲਿਆ ਹੈ, ਕਹਿੰਦੇ, ਆਪਣੇ ਠਾਕੁਰ ਦੀ ਨਦਰਿ ਉਸ ਦੀ ਝੋਲੀ ਵਿੱਚ ਪਵੇਗੀ। ਇੱਕ ਹੋਰ ਪੰਕਤੀ ਰਲ ਕੇ ਪੜ੍ਹ ਲਓ :

*ਜਪੁ ਤਪੁ ਸੰਜਮੁ ਨਾਮੁ ਪਿਆਰਾ ॥*
*ਕਿਲਵਿਖ ਕਾਟੇ ਕਾਟਣਹਾਰਾ ॥*

*(ਅੰਗ ੧੦੬੨)*

ਤੁਸੀਂ ਅੰਦਾਜ਼ਾ ਲਗਾ ਲਓ ਕਿ ਮਾਤਾ ਗੁਜਰ ਕੌਰ ਜੀ

ਕਿੰਨੇ ਧੰਨ ਹੋਣਗੇ। ਕਈ ਜਗ੍ਹਾ ਤੇ 26 ਸਾਲ 9 ਮਹੀਨੇ 13 ਦਿਨ ਲਿਖਿਆ ਹੈ ਕਿ ਮਾਤਾ ਜੀ ਆਪ ਬੂਹੇ ਤੇ ਬੈਠ ਕੇ ਜਪ-ਤਪ, ਭਗਤੀ ਕਰਦੇ ਹਨ। ਭਾਵਨਾ ਕੀ ਸੀ? ਕਿ ਪਤਾ ਨਹੀਂ ਕਿਹੜੇ ਵੇਲੇ ਕਿਹੜੀ ਅਵਾਜ਼ ਪੈ ਜਾਵੇ। ਉਸ ਸਮੇਂ ਵਿੱਚ ਹੀ ਤੁਹਾਨੂੰ ਪਤਾ ਹੈ, ਮੱਖਣ ਸ਼ਾਹ ਲੁਬਾਣੇ ਨੇ ਪ੍ਰਗਟ ਕੀਤਾ, ਗੁਰੂ ਲਾਧੋ ਰੇ। ਉਸ ਸਮੇਂ ਵਿੱਚ ਵੀ ਬਾਲਾ ਪ੍ਰੀਤਮ ਜੀ ਨੇ ਆਖਿਆ ਸੀ, ਗੁਰੂ ਬਾਬਾ ਬਕਾਲੇ। ਉਸ ਸਮੇਂ ਵਿੱਚ ਹੀ ਪ੍ਰਗਟ ਕੀਤਾ। ਉਸ ਤੋਂ ਬਾਅਦ ਧੀਰ ਮੱਲ ਦੀ ਗੋਲੀ ਚੱਲੀ। ਈਰਖਾ ਨਾਲ ਕਾਫੀ ਸਮਾਨ ਲੈ ਗਿਆ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਧੰਨ ਹਨ ਮਾਤਾ ਗੁਜਰ ਕੌਰ ਜੀ ਜਿਨ੍ਹਾਂ ਨੇ ਅੱਖਾਂ ਸਾਹਮਣੇ ਸਭ ਕੁਝ ਵੇਖ ਕੇ ਸੀ ਨਹੀਂ ਕੀਤੀ ਸਮਝ ਲਿਆ ਕਿ ਧੀਰਮੱਲ ਜਿੰਨੀ ਮਾਇਆ ਲੈ ਗਿਆ ਹੈ, ਇਹ ਸਭ ਬਿਨਸਨਹਾਰ ਹੀ ਹੈ। ਕਹਿੰਦੇ ਹਨ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅੰਮ੍ਰਿਤਸਰ ਆ ਗਏ। ਤੁਹਾਨੂੰ ਪਤਾ ਹੈ ਕਿ ਥੜ੍ਹਾ ਸਾਹਿਬ ਗੁਰਦੁਆਰਾ। ਇਸ ਦਾ ਕੀ ਇਤਿਹਾਸ ਹੈ। ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਬੂਹੇ ਬੰਦ ਕਰ ਲਏ ਸੀ, ਕਿ ਸ਼ਾਇਦ ਗੁਰੂ ਸਾਹਿਬ ਕਬਜ਼ਾ ਕਰਨ ਆਏ ਹਨ। ਇੱਥੋਂ ਮਹਾਰਾਜ ਜੀ ਵੱਲੇ ਪਿੰਡ ਗਏ ਸੀ ਤੇ ਫਿਰ ਉੱਥੇ ਬਚਨ ਕੀਤਾ :

*ਮਾਈਆਂ ਰੱਬ ਰਜਾਈਆਂ।*

ਇਸ ਤੋਂ ਬਾਅਦ ਬਿਲਾਸਪੁਰ ਦੇ ਰਾਜੇ ਕੋਲੋਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਿੰਨ ਪਿੰਡ ਦੀ ਜਗ੍ਹਾ ਖਰੀਦੀ ਜਿਸ ਦਾ ਟੱਕ ਲਗਾਇਆ ਤੇ ਨਾਂ ਰੱਖਿਆ : ਚੱਕ ਨਾਨਕੀ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਨੇ। ਉਹ ਜਗ੍ਹਾ ਬਣਾਈ, ਥੋੜ੍ਹਾ ਜਿਹਾ ਸਾਰੇ ਬੰਨੇ ਵਰਤਾਰਾ ਵੇਖ ਕੇ। ਉਹ ਤਿੰਨ ਪਿੰਡਾਂ ਦੀ ਜਗ੍ਹਾ ਮੁੱਲ ਲਈ, ਮਾਤਾ ਨਾਨਕੀ ਜੀ ਵੀ ਨਾਲ ਤੇ ਮਾਤਾ ਗੁਜਰ ਕੌਰ ਜੀ ਵੀ ਨਾਲ। ਉਸ ਤੋਂ ਬਾਅਦ ਗਏ, ਤ੍ਰਿਵੈਣੀ ਅਲਾਹਾਬਾਦ ਵਿਖੇ। ਹੁਣ ਸੁਣਨ ਵਾਲਾ ਬਚਨ ਹੈ। ਮਾਤਾ ਨਾਨਕੀ ਜੀ ਨੌਵੇਂ ਪਾਤਸ਼ਾਹ ਜੀ ਨੂੰ ਕਹਿੰਦੇ, ਮੈਨੂੰ ਛੇਵੇਂ ਪਾਤਸ਼ਾਹ ਜੀ ਨੇ ਕਿਹਾ ਸੀ ਕਿ ਪਰਤਾਪੀ ਪੋਤਰਾ (ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ) ਪੈਦਾ ਹੋਵੇਗਾ। ਪੁੱਤਰ ਜੀ, ਸਮਾਂ ਬਹੁਤ ਬੀਤਦਾ ਜਾ ਰਿਹਾ ਹੈ, ਮੈਂ ਉਹ ਦਿਨ ਕਦੋਂ ਵੇਖਾਂਗੀ? ਹੁਣ ਬਚਨ ਸੁਣਨ ਵਾਲਾ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਮਾਤਾ ਜੀ ਨੂੰ ਕੀ ਆਖਿਆ, ਮਾਤਾ ਜੀ ਅਤੇ ਨਾਲ ਹੀ ਆਪਣੇ ਮਹਿਲ ਮਾਤਾ ਗੁਜਰ ਕੌਰ ਜੀ ਨੂੰ ਕੀ ਕਹਿੰਦੇ, ਕਹਿਣ ਲੱਗੇ, ਫਿਰ ਇੱਕ ਕੰਮ ਕਰੋ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਚੌਂਕੜਾ ਮਾਰ ਕੇ ਸਰਵਣ ਕਰੋ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਹਿਲਾਂ ਸ੍ਰੀ ਆਦਿ ਗ੍ਰੰਥ ਸਾਹਿਬ ਕਹਿੰਦੇ ਸੀ ਜਦੋਂ ਅਜੇ ਗੁਰਗੱਦੀ ਨਹੀਂ ਮਿਲੀ ਸੀ। ਬੜਾ ਅਨੰਦਮਈ ਸਮਾਂ ਹੈ। ਇਹ ਚੀਜ਼ਾਂ ਵੇਖ ਕੇ ਅਨੰਦ ਆਉਂਦਾ ਹੈ ਕਿ ਮਹਾਰਾਜ ਜੀ ਵੀ ਇੰਝ ਪਾਠ ਕਰਵਾਉਂਦੇ ਸੀ। ਦਾਸ ਪੜ੍ਹ ਕੇ ਹੈਰਾਨ ਹੋ ਗਿਆ, ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਿਹੜਾ ਸਾਰਾ ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਸਾਡੀਆਂ ਦੋਵੇਂ ਮਾਤਾਵਾਂ ਹੋ ਗਈਆਂ। ਇੱਕ ਧੰਨ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਅਤੇ ਦੂਸਰੇ ਮਹਾਰਾਜ ਜੀ ਦੇ ਮਹਿਲ। ਚੌਂਕੜਾ ਮਾਰ ਕੇ ਸਰਵਣ ਕੀਤਾ। ਇੱਥੇ ਆ ਕੇ ਦਾਸ ਨੂੰ ਠੰਡ ਪੈ ਗਈ। ਇਤਿਹਾਸਕਾਰਾਂ ਨੇ ਪਾਠੀਆਂ ਦੇ ਨਾਂ ਵੀ ਲਿਖੇ ਹਨ। ਉਸ ਵੇਲੇ ਦੋ-ਦੋ ਘੰਟੇ ਦੀ ਰੋਲ ਕਿਸ ਨੇ ਦਿੱਤੀ? ਉਸ ਵਿੱਚ ਕੌਣ-ਕੌਣ ਸ਼ਾਮਲ ਹੋਇਆ? ਪਾਠ ਕਰਨ ਵੇਲੇ ਕੌਣ-ਕੌਣ ਸ਼ਾਮਲ ਹੋਇਆ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਗੁਰਦਿੱਤਾ ਜੀ ਤੇ ਭਾਈ ਗੁਰਬਖਸ਼ ਰਾਏ ਜੀ। ਕੈਸਾ ਸਮਾਂ ਹੋਵੇਗਾ? ਕੈਸੇ ਗੁਰੂ ਸਾਹਿਬ ਜੀ ਦੇ ਰੰਗੇ ਸਿੱਖ ਜਦੋਂ ਵਾਰੀ-ਵਾਰੀ ਸ੍ਰੀ ਆਦਿ ਗ੍ਰੰਥ ਸਾਹਿਬ, ਅਜੇ ਮਹਾਰਾਜ ਜੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਨਹੀਂ ਮਿਲੀ। ਤਾਂ ਸ੍ਰੀ ਆਦਿ ਗ੍ਰੰਥ ਸਾਹਿਬ ਕਿਹਾ ਜਾ ਰਿਹਾ ਹੈ। ਕਿਵੇਂ ਸਾਰੀ

ਬਾਣੀ ਸਰਵਣ ਕਰਵਾਈ ਹੋਵੇਗੀ? ਦੋਵੇਂ ਮਾਤਾਵਾਂ, ਇੱਕ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਅਤੇ ਇੱਕ ਮਹਿਲ, ਗੁਰੂ ਸਾਹਿਬ ਕਹਿੰਦੇ ਚੌਂਕੜਾ ਮਾਰ ਕੇ ਫਿਰ ਸਾਰੀ ਬਾਣੀ ਸੁਣੋ। ਫਿਰ ਜਿਵੇਂ ਛੇਵੇਂ ਪਾਤਸ਼ਾਹ ਜੀ ਦਾ ਬਚਨ ਕਹਿੰਦੇ ਹੋ, ਔਲਾਦ, ਪੋਤਰਾ ਜਿਨ੍ਹਾਂ ਦੀ ਝੋਲੀ ਕਿਰਪਾਨ ਪਾਉਣੀ ਹੈ। ਆਪ ਅਕਾਲ ਪੁਰਖ ਸਮਾਂ ਬਣਾਏਗਾ। ਕਿਹੋ ਜਿਹਾ ਸਮਾਂ ਹੋਵੇਗਾ? ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਗੁਰਬਖਸ਼ ਰਾਏ ਜੀ ਨੇ ਸਾਰਾ ਪਾਠ ਦੋਵੇਂ ਮਾਤਾਵਾਂ (ਮਾਤਾ ਨਾਨਕੀ ਜੀ ਤੇ ਮਾਤਾ ਗੁਜਰ ਕੌਰ ਜੀ) ਨੂੰ ਸਰਵਣ ਕਰਵਾਇਆ। ਦਾਸ ਨੂੰ ਸੁਮੱਤ ਮਿਲੀ। ਇਤਿਹਾਸ ਵਿੱਚ ਲਿਖਿਆ ਹੈ ਕਿ ਕਹਿੰਦੇ ਕਿ ਜਦੋਂ ਭੋਗ ਪਿਆ ਤੇ ਬੜਾ ਵੱਡਾ ਲੰਗਰ ਲਗਾਇਆ ਗਿਆ। ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਭੋਗ ਪਿਆ ਤੇ ਗਰੀਬਾਂ ਨੂੰ ਬਸਤਰ ਦਾਨ ਕੀਤੇ ਗਏ। ਇਹ ਗੁਰਮਤਿ ਹੈ। ਅੰਨ ਦਾਨ ਕੀਤਾ ਗਿਆ, ਬਸਤਰ ਦਾਨ ਕੀਤੇ ਗਏ। ਇੱਥੋਂ ਤੱਕ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ, ਜਿਹੜਾ ਲੋੜਵੰਦ ਆਇਆ ਹੈ, ਜਿਹੜੀ ਚੀਜ਼ ਦੀ ਲੋੜ, ਉਸ ਮੁਤਾਬਿਕ ਝੋਲੀ ਭਰੀ ਗਈ। ਸਾਰਾ ਕਾਰਜ ਸੇਵਾ ਤੇ ਸਿਮਰਨ ਦਾ ਕੀਤਾ ਹੋਇਆ। ਜਿਨ੍ਹਾਂ ਨੇ ਰੋਲਾਂ ਦਿੱਤੀਆਂ, ਥੋੜ੍ਹਾ ਜਿਹਾ ਜ਼ਿਕਰ ਹੈ, ਪਿਆਰ ਨਾਲ ਕਹਿ ਦਿਓ। ਗੁਰਸਿੱਖਾਂ ਦੇ ਕੈਸੇ ਚੌਂਕੜੇ ਹੋਣਗੇ :

*ਤਿਲੰਗ ਮਹਲਾ ੪ ॥*
*ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥*
*ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥*
*(ਅੰਗ ੭੨੫)*

ਇਹ ਮਹਾਰਾਜ ਜੀ ਨੇ ਆਪ ਉਸ ਸਮੇਂ ਨੂੰ ਲਿਖਿਆ ਹੈ।

*ਜਬ ਹੀ ਜਾਤ ਤ੍ਰਿਬੇਣੀ ਭਏ ॥*
*ਪੁੰਨ ਦਾਨ ਦਿਨ ਕਰਤ ਬਿਤਏ ॥੧॥*
*ਤਹੀ ਪ੍ਰਕਾਸ ਹਮਾਰਾ ਭਯੋ ॥*
*ਪਟਨਾ ਸਹਰ ਬਿਖੈ ਭਵ ਲਯੋ ॥*
*(ਸ੍ਰੀ ਦਸਮ ਗ੍ਰੰਥ ਸਾਹਿਬ)*

ਉੱਥੋਂ ਕਿਰਪਾ ਹੋਈ, ਸਮਝ ਲੈਣਾ। ਤ੍ਰਿਵੈਣੀ ਤੋਂ ਸੁਨੇਹੇ ਆ ਗਏ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਚਲੇ ਗਏ। ਸਮਾਂ ਬਣਿਆ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਦਰਗਾਹ ਵਿੱਚੋਂ ਪਾਲਕੀ ਉਤਰੀ। ਉਹ ਸਮਾਂ ਬਣਿਆ, ਰੱਬ ਆਇਆ ਧਰਤੀ ਤੇ। ਸਮਾਂ ਬਣਿਆ, ਕਲਗੀਧਰ ਪਿਤਾ ਜੀ ਨੇ ਆਗਮਨ ਲਿਆ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਾਤਾ ਗੁਜਰ ਕੌਰ ਜੀ ਨੇ ਨੌਵੇਂ ਪਾਤਸ਼ਾਹ ਜੀ ਦੇ ਹਜ਼ੂਰ ਸਿੱਖ ਹੱਥ ਰੁਕਾ ਭੇਜਿਆ ਆਸਾਮ ਕਿ ਸਾਹਿਬਜ਼ਾਦੇ ਦਾ ਆਗਮਨ ਹੋਇਆ ਹੈ ਤੇ ਮਹਾਰਾਜ ਜੀ ਨੇ ਉਸੇ ਸਿੱਖ ਹੱਥ ਜਵਾਬ ਭੇਜਿਆ ਆਸਾਮ ਤੋਂ। ਕੀ ਭੇਜਿਆ? ਕਹਿੰਦੇ, ਗੁਰੂ ਨਾਨਕ ਮਹਾਰਾਜ ਜੀ ਤੁਹਾਡੇ ਅੰਗ ਸੰਗ ਹਨ। ਸਾਡੀ ਡਿਊਟੀ ਹੈ, ਆਸਾਮ ਵਿੱਚ ਅਜੇ ਸੰਗਤਾਂ ਨਾਲ ਵਿਚਰ ਰਹੇ ਹਾਂ, ਅਸੀਂ ਅਜੇ ਨਹੀਂ ਆ ਸਕਦੇ। ਤੁਸੀਂ ਘਬਰਾਉਣਾ ਨਹੀਂ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੁਹਾਡੇ ਅੰਗ ਸੰਗ ਹਨ। ਬੱਚੇ ਦਾ ਨਾਂ ਗੋਬਿੰਦ ਰਾਏ ਰੱਖਣਾ। ਮਹਾਰਾਜ ਜੀ ਨੇ ਜਵਾਬ ਭੇਜਿਆ, ਬੱਚੇ ਦਾ ਨਾਮ ਗੋਬਿੰਦ ਰਾਏ ਰੱਖਣਾ। ਅਸੀਂ ਇੱਥੋਂ ਦੀਆਂ ਸੰਗਤਾਂ ਦੀਆਂ ਮਨੋਕਾਮਨਾ ਪੂਰੀਆਂ ਕਰਕੇ ਜਲਦੀ ਪਹੁੰਚਾਂਗੇ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਸਾਮ ਤੋਂ ਵਾਪਸੀ ਕਰਦਿਆਂ ਪਟਨਾ ਸਾਹਿਬ ਉੱਥੇ ਨਹੀਂ ਆਏ ਜਿੱਥੇ ਮਾਤਾ ਗੁਜਰ ਕੌਰ ਜੀ ਤੇ ਬਾਕੀ ਸਾਰਾ ਪਰਿਵਾਰ ਠਹਿਰਿਆ ਸੀ, ਜਿੱਥੇ ਅੱਜ ਕੱਲ੍ਹ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਹੈ ਬਲਕਿ ਪਟਨਾ ਸਾਹਿਬ ਦੇ ਬਾਹਰਵਾਰ ਹੀ ਕੁਝ ਸਮਾਂ ਪੜਾਅ ਕੀਤਾ ਜਿੱਥੇ ਅੱਜ ਕੱਲ੍ਹ ਗੁਰਦੁਆਰਾ ਗੁਰੂ ਕਾ

ਬਾਗ ਸਾਹਿਬ ਹੈ। ਇੱਥੋਂ ਹੀ ਪਹਿਲੀ ਵਾਰ ਪਿਤਾ ਤੇ ਪੁੱਤਰ ਦਾ ਮੇਲ ਹੋਇਆ ਤੇ ਇੱਥੋਂ ਹੀ ਫਿਰ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਸਿੱਧਾ ਗਏ, ਸ੍ਰੀ ਅਨੰਦਪੁਰ ਸਾਹਿਬ ਜਿਸ ਦਾ ਪਹਿਲਾ ਨਾਂ ਚੱਕ ਨਾਨਕੀ। ਉੱਥੋਂ ਸੁਨੇਹਾ ਭੇਜਿਆ ਹੈ, ਸਾਰੇ ਇਧਰ ਆ ਜਾਓ। ਜਿਸ ਦਾ ਨਾਂ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਪਿਆ। ਇਸ ਦੇ ਦੌਰਾਨ ਕੁਝ ਸਾਲਾਂ ਦਾ ਸਮਾਂ ਬਤੀਤ ਹੋਇਆ। ਇਧਰ ਦਸਵੇਂ ਪਾਤਸ਼ਾਹ ਜੀ ਥੋੜ੍ਹੇ ਜਿਹੇ ਵੱਡੇ ਹੋਏ ਹਨ ਤੇ ਦਾਸ ਦਾ ਦਿਲ ਕਰਦਾ ਹੈ ਕਿ ਉਸ ਸਮੇਂ ਦੇ ਦਰਸ਼ਨ ਕਰ ਲਓ। ਮਾਤਾ ਜੀ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੇ ਸੀ। ਕੈਸਾ ਸਮਾਂ ਹੋਵੇਗਾ? ਪੋਥੀ ਸਾਹਿਬ ਤੋਂ ਮਾਤਾ ਗੁਜਰ ਕੌਰ ਜੀ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੇ ਸੀ ਤੇ ਸਮਾਪਤੀ ਹੋਈ ਤੇ ਉਧਰੋਂ ਮਾਮਾ ਕਿਰਪਾਲ ਚੰਦ ਜੀ ਆਏ ਤੇ ਮਾਮਾ ਕਿਰਪਾਲ ਚੰਦ ਜੀ ਆਪਣੀ ਭੈਣ ਨੂੰ ਕਹਿੰਦੇ ਹਨ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਾਮਾ ਜੀ ਹੋ ਗਏ ਤੇ ਕਹਿਣ ਲੱਗੇ, ਭੈਣ, ਇੱਕ ਗੱਲ ਕਹਿਣੀ ਹੈ, ਬੇਬੇ ਲਫਜ਼ ਇਤਿਹਾਸ ਵਿੱਚ ਲਿਖੇ ਹਨ, ਬੇਬੇ, ਇੱਕ ਗੱਲ ਕਹਿਣੀ ਹੈ। ਮਾਤਾ ਗੁਜਰ ਕੌਰ ਜੀ ਕਹਿੰਦੇ, ਦੱਸੋ। ਅੱਗੋਂ ਮਾਮਾ ਕਿਰਪਾਲ ਚੰਦ ਜੀ ਕਹਿੰਦੇ, ਬੇਬੇ, ਸਾਡੇ ਕੋਲੋਂ ਕਿਤੇ ਭੁੱਲ ਨਾ ਹੋ ਜਾਵੇ। ਅੱਗੋਂ ਮਾਤਾ ਜੀ ਕਹਿੰਦੇ ਕਿ ਕਾਹਦੀ ਭੁੱਲ? ਕਹਿੰਦੇ ਕਿ ਕਿਤੇ ਭੁੱਲ ਨਾ ਹੋ ਜਾਵੇ ਤੇ ਇਹ ਬੱਚਾ, ਕਲਗੀਧਰ ਪਿਤਾ ਜੀ, ਤਿੰਨ-ਚਾਰ ਸਾਲ ਦੇ ਹੋ ਗਏ ਹਨ, ਕਹਿੰਦੇ, ਇਹ ਬੱਚਾ ਸਾਡੇ ਕੋਲੋਂ ਕਿਤੇ ਭੁੱਲ ਨਾ ਹੋ ਜਾਵੇ, ਇਹ ਬੱਚਾ ਆਮ ਨਹੀਂ। ਇਸ ਦੀਆਂ ਖੇਡਾਂ ਤੇ ਚੋਜ ਵੇਖ ਕੇ ਕਿਤੇ ਭੁੱਲ ਨਾ ਕਰ ਬੈਠੀਏ। ਇਹ ਆਮ ਬੱਚਾ ਨਹੀਂ, ਇਹ ਆਪ ਹੀ ਕਰਤਾਰ ਆਇਆ ਹੈ। ਕਿਤੇ-ਕਿਤੇ ਮੌਜ ਕਰਦੇ ਹਨ ਤੇ ਕਿਤੇ-ਕਿਤੇ ਚੋਜ ਕਰਦੇ ਹਨ ਤੇ ਸਾਡੇ ਕੋਲੋਂ ਕਿਤੇ ਝਿੜਕਾਂ ਨਾ ਦਿੱਤੀਆਂ ਜਾਣ। ਅੱਗੋਂ ਮਾਤਾ ਜੀ ਕਹਿੰਦੇ, ਭਰਾ ਨੂੰ। ਕਹਿੰਦੇ, ਵੀਰਾ, ਮੈਂ ਤਾਂ ਕਦੀ ਕੁਝ ਨਹੀਂ ਕਿਹਾ। ਇਸ ਨੇ ਘੜੇ ਭੰਨੇ। ਮੈਂ ਬੀਬੀਆਂ ਨੂੰ ਗਾਗਰਾਂ ਲੈ ਦਿੱਤੀਆਂ। ਇਸ ਨੇ ਉਨ੍ਹਾਂ ਦੀਆਂ ਗਾਗਰਾਂ ਛਿੱਜੀਆਂ ਤੇ ਮੈਂ ਤਾਂ ਵੀ ਉਨ੍ਹਾਂ ਬੀਬੀਆਂ ਨੂੰ ਨਵੀਆਂ ਲੈ ਦਿੱਤੀਆਂ, ਕੁਝ ਹੋਰ ਸਾਧਨ ਕਰ ਦਿੱਤੇ। ਮੈਂ ਤਾਂ ਆਪ ਕੁਝ ਨਹੀਂ ਕਹਿੰਦੀ। ਵਿੱਚ ਕਿਤੇ-ਕਿਤੇ ਮਾੜਾ ਜਿਹਾ ਕਿਹਾ ਵੀ ਹੈ ਕਿ ਕਿਉਂ ਘੜੇ ਤੋੜਦੇ ਹੋ ਮੇਰੇ ਲਾਲ ਜੀ ਤੇ ਅੱਗੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਮੈਂ ਤਾਂ ਇਨ੍ਹਾਂ ਦਾ ਭਲਾ ਕਰਦਾ ਹਾਂ। ਭਲਾ ਕਿਵੇਂ? ਘੜਾ ਜਿਸ ਦਾ ਮੈਂ ਭੰਨਿਆ ਹੈ, ਉਸ ਦੇ ਘੜੇ ਵਿੱਚ ਸੱਪ ਸੀ। ਇਹ ਪੜ੍ਹਿਓ ਇਤਿਹਾਸ, ਪਿਆਰ ਨਾਲ। ਇਧਰ ਭਰਾ-ਭੈਣ ਗੱਲਾਂ ਕਰ ਰਹੇ ਹਨ, ਮਾਮਾ ਕਿਰਪਾਲ ਚੰਦ ਜੀ ਤੇ ਮਾਤਾ ਗੁਜਰ ਕੌਰ ਜੀ। ਕਦੀ ਕੋਈ ਚੋਜ ਕਰਦੇ ਹਨ ਕਦੀ ਕੋਈ। ਬੜੀ ਪਿਆਰੀ ਗੱਲ ਲਿਖੀ ਹੈ, ਭਾਈ ਵੀਰ ਸਿੰਘ ਜੀ ਨੇ। ਮਾਮਾ ਕਿਰਪਾਲ ਚੰਦ ਜੀ, ਮਾਤਾ ਗੁਜਰ ਕੌਰ ਜੀ ਨੂੰ ਕਹਿੰਦੇ, ਆਪਾਂ ਤਾਂ ਇਹ ਭਾਵਨਾ ਰੱਖਣੀ ਹੈ ਜਿਨ੍ਹਾਂ ਦੇ ਘੜੇ ਭੱਜੇ, ਉਨ੍ਹਾਂ ਦੇ ਮੰਦੇ ਕਰਮ ਭੱਜੇ। ਮਾਮਾ ਕਿਰਪਾਲ ਚੰਦ ਜੀ ਕਹਿੰਦੇ, ਅਸੀਂ ਤਾਂ ਇਹ ਭਾਵਨਾ ਰੱਖਣੀ ਹੈ। ਇਹ ਉਹ ਆਪ ਨਿਰੰਕਾਰ ਹਨ। ਜਿਨ੍ਹਾਂ ਦੇ ਘੜੇ ਭੱਜੇ, ਉਨ੍ਹਾਂ ਦੇ ਮੰਦੇ ਕਰਮ ਭੱਜੇ। ਜਿਨ੍ਹਾਂ ਦੀਆਂ ਗਾਗਰਾਂ ਛਿੱਜੀਆਂ, ਉਨ੍ਹਾਂ ਦੇ ਪਾਪ ਛਿੱਜੇ। ਇਹ ਗੱਲਾਂ ਕਰ ਰਹੇ ਹਨ। ਦਾਸ ਦੀਆਂ ਅੱਖਾਂ ਵਿੱਚ ਤਾਂ ਅੱਥਰੂ ਆ ਗਏ, ਜਦੋਂ ਦਾਸ ਨੇ ਪੜ੍ਹਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੋਢੇ ਤੇ ਕਮਾਨ ਪਾਈ ਤੇ ਛੋਟੀ ਜਿਹੀ ਉਮਰ ਕੀ ਹੋਵੇਗੀ। ਤੁਸੀਂ ਅੰਦਾਜ਼ਾ ਲਗਾ ਲਓ। ਆ ਗਏ। ਤੀਰ ਹੱਥ ਵਿੱਚ ਹਨ, ਕਮਾਨ ਮੋਢੇ ਤੇ ਹੈ ਤੇ ਆ ਗਏ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਸੌ ਮੁੰਡੇ ਨਾਲ। ਛੋਟੀ ਉਮਰੇ ਹੀ ਤੇ ਆ ਕੇ ਕਹਿੰਦੇ ਹਨ, ਮਾਤਾ ਜੀ ਭੁੱਖ ਲੱਗੀ ਹੈ, ਮੇਰੀ ਫੌਜ ਨੂੰ ਲੰਗਰ ਛਕਾਓ। ਬਚਪਨ ਤੋਂ ਹੀ ਕੰਮ ਸ਼ੁਰੂ ਹੋ ਗਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਡੇ ਰੱਬ ਹਨ ਤੇ ਉਨ੍ਹਾਂ ਦਾ ਹੀ ਆਸਰਾ ਹੈ। ਬਚਪਨ ਤੋਂ ਹੀ ਦਸਤਾਰ ਸਜਾਈ ਹੈ,

ਛੋਟੀ ਜਿਹੀ ਉਮਰ ਹੈ ਤੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਸੌ ਮੁੰਡਾ ਨਾਲ। ਮਾਤਾ ਜੀ ਨੂੰ ਕਹਿੰਦੇ, ਸਾਨੂੰ ਭੁੱਖ ਲੱਗੀ ਹੈ ਤੇ ਮੇਰੀ ਫੌਜ ਨੂੰ ਵੀ ਲੰਗਰ ਛਕਾਓ। ਮਾਤਾ ਜੀ ਨੇ ਅੱਗੋਂ ਹੱਥ ਜੋੜੇ। ਸਤਿ ਬਚਨ। ਤੁਸੀਂ ਬਿਠਾਓ ਫੌਜ ਨੂੰ, ਹੁਣੇ ਲੰਗਰ ਬਣਾ ਦਿੰਦੇ ਹਾਂ। ਮਾਤਾ ਜੀ ਇੰਨਾ ਸਤਿਕਾਰ ਕਰਦੇ ਸੀ। ਇੰਨਾ ਪਿਆਰ ਕਰਦੇ ਸੀ।

ਦਾਸ ਨੂੰ ਕਿਸੇ ਨੇ ਕਿਹਾ ਸੀ ਕਿ ਬਾਬਾ ਨੰਦ ਸਿੰਘ ਜੀ ਦਾ ਬਚਨ ਯਾਦ ਹੈ। ਦਾਸ ਨੇ ਕਿਹਾ ਕਿ ਨਹੀਂ ਯਾਦ। ਦਾਸ ਨੂੰ ਗੱਲ ਬੜੀ ਵਧੀਆ ਲੱਗੀ ਕਿਉਂਕਿ 26 ਭਾਗ ਹਨ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਦੇ ਤੇ ਦਾਸ ਨੂੰ ਕਿਸੇ ਨੇ ਕਿਹਾ ਸੀ ਕਿ ਬਾਬਾ ਨੰਦ ਸਿੰਘ ਜੀ ਪਿਆਰ ਵਿੱਚ ਬਚਨ ਕਰਦੇ ਸਨ ਕਿ ਜਿੰਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰਾ ਇਤਿਹਾਸ ਭਾਈ ਬਾਲਾ ਜੀ ਵਾਲਾ ਜਾਂ ਭਾਈ ਵੀਰ ਸਿੰਘ ਜੀ ਜਾਂ ਕਿਸੇ ਇਤਿਹਾਸਕਾਰ ਨੇ ਪਿਆਰ ਨਾਲ ਲਿਖਿਆ ਹੈ, ਜਿੰਨੇ ਸਾਰੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀਆਂ ਸਾਖੀਆਂ, ਸਾਰਾ ਇਤਿਹਾਸ ਇੱਕ ਵਾਰੀ ਪੜ੍ਹ ਲਿਆ, ਉਸ ਨੇ ਸਮਝ ਲਓ, ਭਾਈ ਬਾਲਾ ਜੀ ਵਾਂਗੂੰ ਸਾਰੀ ਯਾਤਰਾ ਕਰ ਲਈ। ਇਹ ਕਥਾ ਕੀਰਤਨ ਇੰਨੀ ਵੱਡੀ ਯਾਤਰਾ ਹੈ। ਤੁਸੀਂ ਇਸ ਭਾਵਨਾ ਨਾਲ ਇੱਥੇ ਬੈਠਿਆ ਕਰੋ ਜਾਂ ਸੁਣਿਆ ਕਰੋ, ਅਸੀਂ ਇਸ ਵੇਲੇ ਆਪਣੀ ਮਾਤਾ ਗੁਜਰ ਕੌਰ ਜੀ ਨਾਲ ਯਾਤਰਾ ਕਰ ਰਹੇ ਹਾਂ। ਕਈ ਪਟਨਾ ਸਾਹਿਬ ਦੀ ਯਾਤਰਾ ਕਰ ਰਹੇ ਹਨ। ਜਿੱਥੇ ਜਿੱਥੇ ਜਾ ਰਹੇ ਹਨ, ਸਾਡੀ ਵੀ ਯਾਤਰਾ ਹੋ ਰਹੀ ਹੈ। ਦਾਸ ਨੂੰ ਬੜਾ ਚੰਗਾ ਸੀਨ ਲੱਗਿਆ, 100 ਮੁੰਡਾ ਨਾਲ ਤੇ ਮਹਾਰਾਜ ਜੀ ਕਹਿੰਦੇ ਕਿ ਸਾਡੀ ਫੌਜ ਨੂੰ ਲੰਗਰ ਛਕਾਓ। ਬੜੀ ਭੁੱਖ ਲੱਗੀ ਹੈ। ਮਾਤਾ ਜੀ ਕਹਿੰਦੇ, ਬੈਠੋ ਜੀ। ਹੁਣੇ ਛਕਾ ਦਿੰਦੇ ਹਾਂ। ਥੋੜ੍ਹਾ ਜਿਹਾ ਸੀਨ ਹੈ, ਪਿਆਰ ਵਾਲਾ, ਪੜ੍ਹੋ ਜੀ :

*ਗਉੜੀ ਮਾਝ ਮਹਲਾ ੪ ॥*
*ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ*
*ਹਰਿ ਪ੍ਰਭੁ ਮੇਰਾ ਚੋਜੀ ਜੀਉ ॥*

*(ਅੰਗ ੧੭੪)*

ਮਾਤਾ ਜੀ ਕਹਿੰਦੇ, ਲਗਾਓ ਪੰਗਤਾਂ। ਸਤਿਬਚਨ। ਮਾਮਾ ਜੀ ਨੇ ਵੀ ਬੈਟਰੀ ਚਾਰਜ ਕੀਤੀ ਸੀ ਕਿ ਕੋਈ ਭੁੱਲ ਨਾ ਹੋ ਜਾਵੇ, ਕੁਝ ਕਹਿ ਨਾ ਦੇਣਾ। ਇਨ੍ਹਾਂ ਦੇ ਸਾਰੇ ਚੋਜ ਹਨ, ਕੁਝ ਮੌਜ ਹਨ। ਜਦੋਂ ਬੈਠ ਗਏ, ਪਿਤਾ ਜੀ ਵੀ ਬੈਠ ਗਏ, ਕਮਾਨ ਮੋਢੇ ਤੇ ਪਾਈ। ਛੋਟੀ ਜਿਹੀ ਉਮਰ ਤੇ ਪਰਸ਼ਾਦਾ ਵੰਡਿਆ ਜਾ ਰਿਹਾ ਹੈ ਤੇ ਮਾਤਾ ਗੁਜਰ ਕੌਰ ਜੀ ਕਹਿੰਦੇ, ਪੁੱਤਰ, ਤੁਰਕਾਂ ਦਾ ਰਾਜ ਹੈ। ਧਿਆਨ ਦੇਣਾ ਜ਼ਰਾ। ਪੁੱਤਰ, ਤੁਰਕਾਂ ਦਾ ਰਾਜ ਹੈ। ਕਿਸੇ ਹਿਸਾਬ ਨਾਲ ਵਿਚਰੋ। ਕਿਸੇ ਦੀ ਨਜ਼ਰ ਨਾ ਲੱਗ ਜਾਵੇ। ਕਲਗੀਧਰ ਪਿਤਾ ਜੀ, ਬਾਲ ਅਵਸਥਾ, ਡੱਟ ਕੇ ਕਹਿੰਦੇ, ਮਾਤਾ ਜੀ, ਸਾਨੂੰ ਕਿਸੇ ਦੀ ਨਜ਼ਰ ਕੀ ਲੱਗਣੀ ਹੈ। ਅਜੇ ਤਾਂ ਉਹ ਸਮਾਂ ਹੈ, ਸਾਡੀ ਨਜ਼ਰ ਜਿਸ ਤੇ ਪੈ ਜਾਵੇ, ਉਸ ਅੰਦਰ ਵੀ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਕਿਰਪਾ ਸਦਕੇ ਸਿਮਰਨ ਚੱਲ ਪੈਂਦਾ ਹੈ।

*ਗਉੜੀ ਮਾਝ ਮਹਲਾ ੪ ॥*
*ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ*
*ਹਰਿ ਪ੍ਰਭੁ ਮੇਰਾ ਚੋਜੀ ਜੀਉ ॥*

*(ਅੰਗ ੧੭੪)*

ਮਾਤਾ ਜੀ ਕਹਿੰਦੇ, ਤੁਰਕਾਂ ਦਾ ਰਾਜ ਹੈ। ਹਿਸਾਬ ਨਾਲ ਵਿਚਰੋ। ਨਜ਼ਰ ਨਾ ਲੱਗ ਜਾਵੇ, ਛੋਟੀ ਜਿਹੀ ਉਮਰ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਸਾਨੂੰ ਨਜ਼ਰ ਕਿਸ ਦੀ ਲੱਗਣੀ। ਸਾਡੀ ਨਜ਼ਰ ਜਿਸ ਤੇ ਪੈ ਜਾਵੇ, ਉਹ ਗੁਰੂ ਨਾਨਕ ਮਹਾਰਾਜ ਜੀ ਦੇ ਨਾਮ ਸਿਮਰਨ ਵਾਲਾ ਬਣ ਜਾਂਦਾ ਹੈ। ਦੂਜਾ ਬਚਨ ਕੀਤਾ, ਮਾਤਾ ਜੀ, ਜ਼ੁਲਮ ਨੂੰ ਮੇਟ ਦਿਆਂਗੇ, ਕਿਰਪਾਨ ਨਾਲ ਤੇ

ਸੀਸ ਨਾਲ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮਾਤਾ ਜੀ ਅੱਗੋਂ ਨਹੀਂ ਬੋਲੇ ਕਿਉਂਕਿ ਮਾਮਾ ਕਿਰਪਾਲ ਚੰਦ ਜੀ ਨੇ ਕਿਹਾ ਸੀ ਕਿ ਹਿਸਾਬ ਨਾਲ ਚੱਲਣਾ ਹੈ। ਲਿਖਿਆ ਹੈ ਕਿ ਮਾਤਾ ਜੀ ਚੁੱਪ ਕਰ ਗਏ।

ਸਮਾਂ ਲਿਖਿਆ ਹੈ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਆਸਾਮ ਤੋਂ ਸ੍ਰੀ ਅਨੰਦਪੁਰ ਸਾਹਿਬ ਆਏ, ਚੱਕ ਨਾਨਕੀ। ਉੱਥੋਂ ਪਟਨਾ ਸਾਹਿਬ ਸੁਨੇਹਾ ਭੇਜਿਆ ਕਿ ਸ੍ਰੀ ਅਨੰਦਪੁਰ ਸਾਹਿਬ ਆ ਜਾਓ। ਆ ਗਿਆ ਸਾਰਾ ਪਰਿਵਾਰ। ਹੁਣ ਇੱਕ-ਇੱਕ ਚੀਜ਼ ਨੂੰ ਲਈਏ ਤੇ ਕਈ ਕਈ ਹਫਤੇ ਲੱਗ ਜਾਣ ਕਿ ਕਿਵੇਂ ਸੰਗਤ ਨੇ ਵੈਰਾਗ ਕੀਤਾ। ਕੀ ਸਮਾਂ ਬਣਿਆ। ਆ ਗਿਆ ਸਾਰਾ ਪਰਿਵਾਰ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਚੱਕ ਨਾਨਕੀ) ਪਹੁੰਚ ਕੇ ਬਾਲ ਅਵਸਥਾ ਵਿੱਚ ਨੌਂਵੇਂ ਪਾਤਸ਼ਾਹ ਜੀ ਨੂੰ ਬਾਣੀ ਸੁਣਾਈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ, ਬੜਾ ਅਨੰਦ ਆਇਆ ਹੈ। ਅੱਜ ਤੋਂ ਇਸ ਜਗ੍ਹਾ ਦਾ ਨਾਂ ਸ੍ਰੀ ਅਨੰਦਪੁਰ ਸਾਹਿਬ ਹੋਇਆ। ਉੱਥੇ ਹੀ ਫਿਰ ਬਾਲਾ ਪ੍ਰੀਤਮ ਜੀ ਦਾ ਅੱਗੋਂ ਅਨੰਦ ਕਾਰਜ ਹੋਇਆ। ਉਹ ਕਹਿੰਦੇ ਕਿ ਲਾਹੌਰ ਜੰਞ ਨਹੀਂ ਖੜ੍ਹਨੀ ਕਿਉਂਕਿ ਉੱਥੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਦੀ ਸ਼ਹੀਦੀ ਹੋਈ ਹੈ। ਅਸੀਂ ਗੁਰੂ ਕਾ ਲਾਹੌਰ ਇੱਥੇ ਨਵਾਂ ਹੀ ਵਸਾਉਣਾ ਹੈ। ਉੱਥੇ ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਨੰਦ ਕਾਰਜ ਹੋਇਆ।

ਸਮਾਂ ਆ ਗਿਆ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਜਦੋਂ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਤੇ ਸੀਸ ਦਿੱਤਾ, ਰੰਘਰੇਟਾ ਗੁਰੂ ਕਾ ਬੇਟਾ, ਭਾਈ ਜੈਤਾ ਜੀ ਜਿਨ੍ਹਾਂ ਦਾ ਨਾਂ ਅੰਮ੍ਰਿਤ ਛੱਕ ਕੇ ਭਾਈ ਜੀਵਨ ਸਿੰਘ ਜੀ ਬਣਿਆ, ਉਹ ਸੀਸ ਦਿੱਲੀ ਤੋਂ ਲੈ ਕੇ ਆਏ। ਜਿਵੇਂ ਤੁਸੀਂ ਸੁਣਦੇ ਹੋ, ਕੀਰਤਪੁਰ ਸਾਹਿਬ ਤੋਂ ਪਾਲਕੀ ਵਿੱਚ ਬਿਰਾਜਮਾਨ ਕਰਕੇ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਗਏ। ਜਦੋਂ ਪਾਲਕੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸੀਸ ਆਇਆ, ਇਹ ਕੋਈ ਨਹੀਂ ਕਰ ਸਕਦਾ। ਮਾਤਾ ਗੁਜਰ ਕੌਰ ਜੀ ਨੇ ਹੱਥ ਜੋੜੇ। ਆਹ ਹਨ ਮਾਤਾ ਗੁਜਰ ਕੌਰ ਜੀ। ਮਾਤਾ ਜੀ ਕੋਈ ਰੁਕਾਵਟ ਨਹੀਂ ਬਣੇ। ਧਰਮ ਦੇ ਕਾਰਜ ਵਿੱਚ। ਜਦੋਂ ਸੀਸ ਆਇਆ, ਭਾਈ ਜੈਤਾ ਜੀ ਲੈ ਕੇ ਆਏ, ਮਾਤਾ ਗੁਜਰ ਕੌਰ ਜੀ ਨੇ ਮੁੱਖ ਵਿੱਚੋਂ ਕੀ ਲਫਜ਼ ਕਹੇ, ਬੜੇ ਪਿਆਰੇ ਹਨ। ਸੀਸ ਵੱਲ ਵੇਖ ਕੇ ਕਹਿੰਦੇ, ਤੁਹਾਡੀ ਨਿਭ ਆਈ, ਬਖਸ਼ਿਸ਼ ਕਰਨੀ, ਮੇਰੀ ਵੀ ਨਿਭ ਜਾਵੇ।

ਚੌਥਾ ਜਿਹੜਾ ਅਸੀਂ ਸੁਣਦੇ ਹਾਂ, ਨੀਹਾਂ ਵਿੱਚ ਚਿਣਨ ਦਾ ਸਾਰਾ ਜ਼ਿਕਰ, ਸਾਹਿਬਜ਼ਾਦਿਆਂ ਦਾ। ਇਹ ਇਤਿਹਾਸ ਤੁਸੀਂ ਪੜ੍ਹਿਆ ਹੈ। ਜਿੰਨੀ ਗੁਰਮਤਿ ਦੀ ਪੜ੍ਹਾਈ ਸੀ, ਜਿੰਨੀ ਸਪਿਰਿਟ ਸੀ, ਸਾਹਿਬਜ਼ਾਦਿਆਂ ਵਿੱਚ ਇਹ ਸਾਰੀ ਦੇਣ, ਮਾਤਾ ਗੁਜਰ ਕੌਰ ਜੀ ਦੀ ਸੀ। ਇਹ ਉਨ੍ਹਾਂ ਦੀ ਦੇਣ ਸੀ ਕਿ ਸਾਹਿਬਜ਼ਾਦਿਆਂ ਅੰਦਰ ਸਪਿਰਿਟ ਭਰੀ। ਵੇਖਿਓ ਲਾਜ ਨਾ ਲੱਗਣ ਦੇਣਾ, ਡੋਲਣਾ ਨਾ। ਇਹ ਉਨ੍ਹਾਂ ਦੀ ਸਪਿਰਿਟ ਸੀ, ਗੁਰਮਤਿ ਦੀ ਦਿੱਤੀ ਸਿੱਖਿਆ ਸੀ। ਅੱਜ ਉਸ ਮਾਤਾ ਗੁਜਰ ਕੌਰ ਜੀ ਦਾ ਪਿਆਰ ਭਰਿਆ ਇਤਿਹਾਸ ਆਪ ਜੀ ਨੇ ਸਰਵਣ ਕੀਤਾ ਹੈ, ਸਤਿਗੁਰੂ ਜੀ ਨੇ ਸੇਵਾ ਲਈ ਹੈ। ਆਓ, ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

❁❁❁

ਇਸ ਅੰਕ ਵਿੱਚ ਆਪ ਜੀ ਨੇ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਦੇ ਪ੍ਰਕਰਣ 'ਚੋਂ ਭਾਗ ਗਿਆਰ੍ਹਵਾਂ- ਧੰਨ ਧੰਨ ਮਾਤਾ ਗੁਜਰ ਕੌਰ ਜੀ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਸੇਵਾ ਲਈ ਹੈ। ਅਗਲੇ ਐਡੀਸ਼ਨ ਵਿੱਚ ਬਾਰ੍ਹਵਾਂ ਭਾਗ- ਰਾਣੀ ਮੈਣੀ ਜੀ ਦੇ ਜੀਵਨ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

# ਜ਼ਿੰਦਗੀ ਦੀਆਂ ਬਰੀਕੀਆਂ

## ਸਵਾਲ ਜਵਾਬ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ਤਾਂ ਕਿ ਗੁਰਮਤਿ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਦਾ, ਉਨ੍ਹਾਂ ਸੰਸਿਆਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਸਕਣ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਦੱਸਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

473. **ਸਵਾਲ :** ਡਿਪਰੈਸ਼ਨ ਅੱਜ ਦੇ ਜ਼ਮਾਨੇ ਦੀ ਸਭ ਤੋਂ ਭੈੜੀ ਬੀਮਾਰੀ ਹੈ, ਇਸ ਦਾ ਇਲਾਜ ਕੀ ਹੈ?

**ਜਵਾਬ :** ਅੱਜ ਦੇ ਦੌਰ ਵਿੱਚ ਹਰ 25-30 ਬੰਦਿਆਂ ਪਿੱਛੇ ਇੱਕ ਬੰਦਾ ਇਸ ਬੀਮਾਰੀ ਦੀ ਲਪੇਟ ਵਿੱਚ ਆਇਆ ਹੋਇਆ ਹੈ ਪਰ ਘਬਰਾਓ ਨਾ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਜਿੱਥੋਂ ਇਸ ਬੀਮਾਰੀ ਦੀ ਦਵਾਈ ਲੈਣੀ ਹੈ ਨਾਲ ਗੁਰੂ ਸਾਹਿਬ ਜੀ ਦਾ ਓਟ ਆਸਰਾ ਵੀ ਲੈਣਾ। ਗੁਰਬਾਣੀ ਦਾ ਓਟ ਆਸਰਾ ਲੈਣਾ ਤੇ ਗੁਰੂ ਸਾਹਿਬ ਤੇ ਭਰੋਸਾ ਰੱਖਣਾ ਹੈ।

ਪਹਿਲਾਂ ਦਾਸ ਦੀ ਵੀ ਸੋਚ ਇੱਥੇ ਹੁੰਦੀ ਸੀ ਕਿ ਗੁਰੂ ਸਾਹਿਬ ਨੇ ਜਿੱਥੇ ਕੋਈ ਕੌਤਕ ਕੀਤਾ ਹੈ, ਕੋਈ ਦੁੱਖ ਕੱਟਿਆ ਹੈ ਤੇ ਕਈ ਵਾਰੀ ਸਾਡੀ ਸੋਚ ਹੁੰਦੀ ਹੈ, ਉਦੋਂ ਕੀਤਾ ਸੀ। ਉਦੋਂ ਕੱਟਿਆ ਸੀ। ਅੱਜ ਨਹੀਂ, ਪਰ ਸੰਗਤ ਜੀ ਸ਼ਰਧਾ ਦੀ ਪਉੜੀ ਚੜ੍ਹੀਏ, ਨਾਨਕ ਪ੍ਰੇਮ ਅੰਦਰ ਵਸਾਈਏ। ਕਦੀ ਇਹ ਭਾਵਨਾ ਨਾ ਰੱਖੀਏ ਕਿ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਦੋਂ ਸਰੀਰ ਕਰਕੇ ਆਏ, ਉਦੋਂ ਰੋਗੀਆਂ ਦੇ ਰੋਗ ਕੱਟੇ। ਉਦੋਂ ਦੁੱਖੀਆਂ ਦੇ ਦੁੱਖ ਕੱਟੇ। ਨਹੀਂ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੱਚਾਈ ਕਹਿ ਰਿਹਾ ਹੈ, ਨਾਨਕ ਪ੍ਰੇਮ ਦੀ ਦੂਜੀ ਪੌੜੀ ਇਹ ਹੈ, ਇੱਥੇ ਜੀਵਿਆ ਕਰੋ, ਅੱਜ ਵੀ ਅੱਠਵੇਂ ਪਾਤਸ਼ਾਹ ਜੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਝੋਲੀਆਂ ਭਰ ਰਹੇ ਹਨ। ਅੱਜ ਵੀ ਦੁੱਖ ਕੱਟ ਰਹੇ ਹਨ। ਅੱਜ ਵੀ ਕਿਰਪਾ ਕਰ ਰਹੇ ਹਨ।

ਹੁਣ ਦਿੱਲੀ ਤੋਂ ਅੰਬਾਲੇ ਜਾਓ ਤੇ ਤੁਹਾਨੂੰ ਪਤਾ ਹੈ, ਇੱਕ ਗੁਰਦੁਆਰਾ ਸਾਹਿਬ ਹੈ, ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ। ਸਾਰਿਆਂ ਨੂੰ ਪਤਾ ਹੈ, ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਉੱਥੇ ਕੀ ਕੌਤਕ ਹੋਇਆ। ਪੰਡਿਤ ਲਾਲ ਚੰਦ ਜੀ ਨੇ ਦਮ ਮਾਰ ਦਿੱਤਾ, ਨਾਂ ਤਾਂ ਦੁਆਪਰ ਦੇ ਅਵਤਾਰ ਕ੍ਰਿਸ਼ਨ ਜੀ ਤੋਂ ਵੀ ਵੱਡਾ ਰੱਖਿਆ ਹੈ ਪਰ ਕੀ ਗੀਤਾ ਦੇ ਅਰਥ ਆਉਂਦੇ ਹਨ ਤੇ ਸਿੱਖਾਂ ਨੇ ਆ ਕੇ ਦੱਸਿਆ, ਮਹਾਰਾਜ ਜੀ ਕਹਿੰਦੇ, ਲਿਆਓ ਬੁਲਾ ਕੇ। ਬੁਲਾ ਕੇ ਲਿਆਂਦਾ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕਹਿੰਦੇ, ਪੰਡਿਤ ਜੀ ਦੱਸੋ ਕੀ ਫੁਰਨਾ ਬਣਿਆ? ਕਹਿਣ ਲੱਗਾ, ਨਾਂ ਤਾਂ ਤੁਸੀਂ ਦੁਆਪਰ ਦੇ ਅਵਤਾਰ ਤੋਂ ਵੀ ਵੱਡਾ ਰੱਖਿਆ ਹੈ,

ਹਰਿਕ੍ਰਿਸ਼ਨ ਤੇ ਕੀ ਗੀਤਾ ਦੇ ਅਰਥ ਆਪ ਜੀ ਨੂੰ ਆਉਂਦੇ ਹਨ। ਅੱਗੋਂ ਮਹਾਰਾਜ ਜੀ ਕਹਿਣ ਲੱਗੇ, ਜੇ ਅਸੀਂ ਸੁਣਾ ਦਿੱਤੇ ਤੇ ਤੁਸੀਂ ਕਹਿਣਾ ਹੈ, ਗੁਰੂ ਕੁੱਲ ਵਿੱਚੋਂ ਹਨ, ਸਿਖ ਲਏ ਹੋਣੇ ਹਨ। ਤੁਸੀਂ ਆਪਣੀ ਮਰਜ਼ੀ ਦਾ ਬੰਦਾ ਲੈ ਆਓ। ਹੁਣ ਚਲੋ ਆਮ ਬੰਦਾ ਲੱਭ ਲਓ ਪਰ ਲੱਭਿਆ ਕੌਣ? ਛੱਜੂ ਝੀਵਰ। ਜਿਨ੍ਹਾਂ ਦੇ ਮੂੰਹ ਵਿੱਚੋਂ ਲਾਲਾਂ ਵਗ ਰਹੀਆਂ ਹਨ, ਗੂੰਗੇ ਵੀ ਹਨ। ਹੈ ਤਾਂ ਪੁਰਾਣੇ ਤਪੀ ਸੀ, ਸਮਾਂ ਬਣ ਗਿਆ। ਇਸ ਸਮੇਂ ਨੂੰ ਗਿਆਨੀ ਹਰਨਾਮ ਸਿੰਘ ਜੀ ਨੇ ਬੜਾ ਸੁਹਣਾ ਨਕਸ਼ਾ ਖਿੱਚਿਆ ਹੈ। ਬਾਲਾ ਪ੍ਰੀਤਮ ਜੀ ਬੈਠੇ ਹਨ, ਸੱਜੇ ਹੱਥ ਛੱਜੂ ਝੀਵਰ ਜੀ ਬੈਠੇ ਹਨ, ਖੱਬੇ ਹੱਥ ਪੰਡਿਤ ਲਾਲ ਚੰਦ ਜੀ ਬੈਠੇ ਹਨ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹੱਥ ਕਰਕੇ ਕਹਿੰਦੇ ਹਨ, ਪੰਡਿਤ ਜੀ, ਸਲੋਕ ਬੋਲੋ, ਗੀਤਾ ਦਾ ਸਲੋਕ ਬੋਲੋ ਤੇ ਅੱਗੋਂ ਪੰਡਿਤ ਜੀ ਕਹਿੰਦੇ, ਮੈਂ ਕੀ ਸਲੋਕ ਬੋਲਾਂ। ਜਿਸ ਤੋਂ ਤੁਸੀਂ ਅਰਥ ਕਰਵਾਉਣ ਦਾ ਮਨ ਬਣਾ ਰਹੇ ਹੋ ਇਹ ਬੰਦਾ ਨਾ ਬੋਲਦਾ ਹੈ, ਨਾ ਸੁਣਦਾ ਹੈ ਤੇ ਇਹ ਅਰਥ ਕਿੱਥੋਂ ਕਰੇਗਾ? ਪੰਡਿਤ ਜੀ, ਬੇਨਤੀ ਮੰਨੀ ਦੀ ਹੈ, ਬੋਲੋ। ਜਦੋਂ ਉਨ੍ਹਾਂ ਨੇ ਬੋਲਿਆ ਤੇ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਮੁਬਾਰਕ ਹੱਥਾਂ ਨਾਲ ਛੜੀ ਛੱਜੂ ਝੀਵਰ ਦੇ ਸਿਰ 'ਤੇ ਰੱਖੀ। ਪੜ੍ਹੋ ਇਤਿਹਾਸ, ਛੜੀ ਸੀਸ ਤੇ ਰੱਖਦਿਆਂ ਹੀ ਚੌਦਾਂ ਪ੍ਰਕਾਰ ਦੀ ਵਿਦਿਆ ਝੋਲੀ ਵਿੱਚ ਪੈ ਗਈ। ਦਿਓ ਜੀ ਜਵਾਬ। ਫਿਰ ਛੱਜੂ ਝੀਵਰ ਜੀ ਨੇ ਅਰਥ ਸੁਣਾਏ। ਪੰਡਿਤ ਲਾਲ ਚੰਦ ਜੀ ਦੰਗ ਰਹਿ ਗਏ। ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕਹਿੰਦੇ, ਦੂਜਾ ਸਲੋਕ ਬੋਲੋ। ਜਿਵੇਂ ਬੰਦਾ ਘਬਰਾ ਨਹੀਂ ਜਾਂਦਾ। ਘਬਰਾਹਟ ਵਿੱਚ ਬੋਲਿਆ ਤੇ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਕਹਿੰਦੇ, ਛੱਜੂ ਝੀਵਰ ਜੀ, ਕਰੋ ਅਰਥ ਤੇ ਛੱਜੂ ਝੀਵਰ ਜੀ ਅੱਗੋਂ ਕਹਿੰਦੇ, ਸਲੋਕ ਗਲਤ ਬੋਲਿਆ ਹੈ। ਮਹਾਰਾਜ ਜੀ ਕਹਿੰਦੇ, ਪੰਡਿਤ ਜੀ, ਇਹ ਕੀ ਕਹਿ ਰਿਹਾ ਹੈ? ਪੰਡਿਤ ਜੀ ਕਹਿੰਦੇ, ਹਾਂ ਜੀ, ਮੈਂ ਘਬਰਾਹਟ ਵਿੱਚ ਗਲਤ ਸਲੋਕ ਬੋਲ ਗਿਆ ਹਾਂ। ਛੱਜੂ ਝੀਵਰ ਜੀ ਕਹਿੰਦੇ, ਸ਼ੁੱਧ ਸਲੋਕ ਇੰਝ ਨਹੀਂ, ਇੰਝ ਹੈ। ਕਹਿਣ ਲੱਗਾ, ਬਿਲਕੁਲ ਠੀਕ। ਹੁਣ ਤੀਜਾ ਬੋਲੋ। ਇਹ ਇਤਿਹਾਸ ਹੈ, ਉੱਠ ਪਏ ਪੰਡਿਤ ਲਾਲ ਚੰਦ ਜੀ। ਸਾਹਮਣੇ ਆ ਕੇ, ਜਿਹੜਾ ਉਨ੍ਹਾਂ ਨੇ ਕੰਮ ਕਰ ਲਿਆ, ਇਹ ਕੋਈ-ਕੋਈ ਕਰ ਸਕਦਾ ਹੈ। ਢਹਿ ਪਏ। ਮਹਾਰਾਜ ਜੀ, ਮੈਨੂੰ ਬਖਸ਼ ਲਓ। ਹੁਣ ਮੇਰੀ ਜਿੰਨੀ ਵੀ ਜ਼ਿੰਦਗੀ ਬਾਕੀ ਹੈ, ਸਿੱਖੀ ਦੇ ਅਸੂਲਾਂ ਅਨੁਸਾਰ ਆਪਣੇ ਚਰਨਾਂ ਵਿੱਚ ਬਤੀਤ ਕਰਵਾ ਲਓ। ਬਹੁਤ ਇਤਿਹਾਸਕਾਰਾਂ ਨੇ ਲਿਖਿਆ ਹੈ, ਪੰਡਿਤ ਲਾਲ ਚੰਦ ਜੀ ਵੀ ਸਿੱਖ ਸਜੇ ਤੇ ਸ੍ਰੀ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਸ਼ਹੀਦੀ ਦਿੱਤੀ, ਭਾਈ ਲਾਲ ਸਿੰਘ ਜੀ ਦੇ ਨਾਂ ਪਰ।

ਇਨ੍ਹਾਂ ਦਾ ਨਾਂ ਤੁਸੀਂ ਸੁਣਦੇ ਹੋ, ਛੱਜੂ ਝੀਵਰ ਜੀ। ਇਹ ਵੀ ਐਸੇ ਗੁਰੂ ਸਾਹਿਬ ਦੇ ਬਣੇ ਕਿ ਪੰਜ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ ਜੀ, ਭਾਈ ਛੱਜੂ ਝੀਵਰ ਜੀ ਦੀ ਕੁੱਲ ਵਿੱਚੋਂ ਹੋਏ ਹਨ। ਐਸੀ ਗੁਰੂ ਚਰਨਾਂ ਨਾਲ ਬਣ ਗਈ ਕਿ ਦਸਵੇਂ ਪਾਤਸ਼ਾਹ ਜੀ ਤੱਕ ਨਿਭੀ। ਹੁਣ ਸੰਗਤ ਨਾਲ ਦਾਸ ਗੱਲ ਸਾਂਝੀ ਕਰਨੀ ਚਾਹੁੰਦਾ ਹੈ। ਹੁਣ ਤੁਸੀਂ ਇਹ ਕਥਾ ਸੁਣ ਲਈ ਪਰ ਇੱਥੇ ਖਾਨਾ ਇਹ ਨਾ ਬਣਾਉਣਾ ਕਿ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਛੱਜੂ ਝੀਵਰ ਦੇ ਸਿਰ 'ਤੇ ਛੜੀ ਰੱਖੀ ਤੇ ਉਨ੍ਹਾਂ ਕੋਲੋਂ ਗੀਤਾ ਦੇ ਅਰਥ ਕਰਵਾਏ। ਬਲਕਿ ਇਹ ਸੋਚੋ ਕਿ ਸਿਰ 'ਤੇ ਛੜੀ ਰੱਖੀ ਤੇ ਉਨ੍ਹਾਂ ਦੀ ਕੀ ਪੁਜ਼ੀਸ਼ਨ ਸੀ ਤੇ ਕਿੱਥੇ ਪਹੁੰਚਾ ਦਿੱਤੀ।

*ਬਿਲਾਵਲੁ ਮਹਲਾ ੫ ॥*

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥*

*(ਅੰਗ ੮੦੯)*

ਇਹ ਭਾਵਨਾ ਕਦੀ ਨਾ ਰੱਖਣਾ ਕਿ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਉਦੋਂ ਛੜੀ ਰੱਖੀ ਤੇ ਗੀਤਾ ਦੇ ਅਰਥ ਕਰਵਾਏ। ਦਾਸ ਦੀ ਇਹੋ ਬੇਨਤੀ ਹੈ ਇਹ ਭਾਵਨਾ ਰੱਖਣਾ ਅੱਜ ਵੀ ਛੜੀਆਂ ਲਗਾ ਰਹੇ ਹਨ। ਕਈ ਇੱਥੋਂ ਤੱਕ ਭਾਵਨਾ ਰੱਖਦੇ ਹਨ, ਉਦੋਂ ਕੌਤਕ

ਹੋਇਆ ਸੀ। ਪਰ ਅੱਜ ਨਹੀਂ। ਦਾਸ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਜਿੱਥੇ ਜੋ ਕੌਤਕ ਕੀਤਾ, ਤੁਹਾਡੇ ਗੁਰੂ ਸਾਹਿਬ ਇੰਨੇ ਵੱਡੇ ਹਨ, ਉਸ ਜਗ੍ਹਾ ਤੇ ਉਹ ਦਾਤਾਂ ਸਦਾ ਸਦਾ ਲਈ ਝੋਲੀ ਵਿੱਚ ਪਾ ਗਏ। ਕੋਈ ਵੀ ਜ਼ਿੰਦਗੀ ਵਿੱਚ ਇਸ ਡਿਪਰੈਸ਼ਨ ਵਰਗੀ ਬੀਮਾਰੀ ਤੋਂ ਪਰੇਸ਼ਾਨ ਹੋਵੇਗਾ, ਇੱਥੇ (ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ) ਭਾਵਨਾ ਨਾਲ ਹਾਜ਼ਰੀ ਭਰੇਗਾ, ਉਹ ਰਾਜ਼ੀ ਹੋਵੇਗਾ।

ਅੱਜ ਕੱਲ 25-30 ਬੰਦਿਆਂ ਪਿੱਛੇ ਇੱਕ ਬੰਦੇ ਨੂੰ ਡਿਪਰੈਸ਼ਨ ਹੋਈ ਪਈ ਹੈ। ਘਰਾਂ ਦੇ ਕਲੇਸ਼ ਵਧੇ ਪਏ ਹਨ, ਕੁਝ ਮੋਬਾਇਲ ਇੰਨਾ ਕੁ ਯੂਜ਼ ਕਰਨ ਲੱਗ ਪਏ ਹਨ, ਉਸ ਕਰਕੇ। ਮੰਨ ਲਓ, ਕਿਸੇ ਕੋਲ 2 ਲੱਖ ਹੈ ਤੇ ਉਸਨੇ ਕਾਰ ਸੱਤ ਲੱਖ ਦੀ ਲੈਣੀ ਹੈ ਤੇ ਦੇਣਾ 2 ਲੱਖ ਹੈ, ਬਾਕੀ ਕਿਸ਼ਤਾਂ ਕਰਵਾ ਲੈਣੀਆਂ ਹਨ। ਕੋਈ ਹੋਰ ਚੀਜ਼ ਵੀ ਲੈਣੀ ਹੈ, ਉਹ ਵੀ ਕਿਸ਼ਤਾਂ ਤੇ ਲੈ ਲੈਣੀ ਹੈ। ਇਹੋ ਜਿਹੇ ਬੋਝ ਹੌਲੀ-ਹੌਲੀ ਉਸ ਤੇ ਪਈ ਜਾਂਦੇ ਹਨ। ਡਿਪਰੈਸ਼ਨ ਵਾਲੇ ਦੀ ਹਾਲਤ ਦੀਆਂ ਇਹ ਨਿਸ਼ਾਨੀਆਂ। ਦਾਸ ਦਾ ਰੋਜ਼ ਦਾ ਕੰਮ ਹੈ, ਦਾਸ ਵਿਚਰਦਾ ਹੈ, 25-30 ਬੰਦਿਆਂ ਪਿੱਛੇ ਇੱਕ ਬੰਦੇ ਨੂੰ ਡਿਪਰੈਸ਼ਨ ਹੋਈ ਪਈ ਹੈ।

ਜਲੰਧਰ ਸ਼ਹਿਰ ਦਾ ਇੱਕ ਸਰੀਰ ਹੈ, ਮਿਲਾਪ ਚੌਂਕ 'ਚ ਕੱਪੜੇ ਦੀ ਦੁਕਾਨ ਹੈ। ਮਹਿੰਦਰ ਸਿੰਘ ਦਾ ਬੇਟਾ ਹੈ। 15 ਨੌਕਰ ਦੁਕਾਨ ਤੇ ਕੰਮ ਕਰਦੇ ਹਨ। ਦੋ-ਢਾਈ ਲੱਖ ਰੋਜ਼ ਦੀ ਸੇਲ ਹੈ, ਜਲੰਧਰ ਵਿੱਚ। ਰੱਬ ਤੋਂ ਡਰ ਕੇ ਰਿਹਾ ਕਰੋ। ਜਿਹੜਾ ਬੱਚਾ ਉਸ ਦੁਕਾਨ ਤੇ ਬੈਠਦਾ ਸੀ ਉਹ ਡਿਪਰੈਸ਼ਨ ਵਿੱਚ ਚਲਾ ਗਿਆ। ਗੱਲਾਂ ਹੀ ਹੋਰ ਤਰ੍ਹਾਂ ਕਰੀ ਜਾਵੇ। ਦਾਸ ਨੂੰ ਕਹਿਣਾ ਨਹੀਂ ਚਾਹੀਦਾ, ਪਿਆਰ ਸੀ ਸੰਗਤ ਦੇ ਨਾਤੇ ਉਸ ਪਰਿਵਾਰ ਨਾਲ ਤੇ ਦਾਸ ਨੂੰ ਘਰ ਜਾਣਾ ਪਿਆ। ਘਰ ਗਏ। ਦਾਸ ਪਲੰਘ ਤੇ ਬੈਠਾ ਤੇ ਕੋਲ ਬਿਠਾਇਆ। ਉਹ ਵੀਹ ਮਿੰਟ ਜੋ ਕੁਝ ਬੋਲੀ ਗਿਆ, ਸਾਫ ਪਤਾ ਲੱਗਦਾ ਸੀ, ਇਹ ਡਿਪਰੈਸ਼ਨ ਵਿੱਚ ਹੈ। ਇੱਕ ਗੱਲ ਬਾਰ-ਬਾਰ ਕਰੀ ਜਾਣਾ, ਬਾਰ-ਬਾਰ ਕਰੀ ਜਾਣਾ, ਇਹ ਡਿਪਰੈਸ਼ਨ ਦੀਆਂ ਨਿਸ਼ਾਨੀਆਂ ਹਨ। ਜਿਸ ਨੂੰ ਡਿਪਰੈਸ਼ਨ ਹੋਵੇ, ਅਲੱਗ-ਅਲੱਗ ਨਿਸ਼ਾਨੀਆਂ ਹਨ। ਨਿੱਕੀ-ਨਿੱਕੀ ਚੀਜ਼ ਤੋਂ ਡਰ ਲੱਗੀ ਜਾਣਾ। ਵਹਿਮ ਭਰਮ ਆਈ ਜਾਣਗੇ। ਵਾਰ-ਵਾਰ ਇੱਕ ਬੰਦਾ ਨਾਂ ਲਈ ਜਾਵੇਗਾ ਜਾਂ ਮੰਨ ਲਓ ਸਾਬਣ ਨਾਲ ਹੱਥ ਧੋਤੇ ਹਨ, ਕਿਰਿਆ ਕਰਕੇ ਆਇਆ ਹੈ। ਧੋਤੇ ਹਨ ਕਿ ਨਹੀਂ ਧੋਤੇ। ਫਿਰ ਦੁਬਾਰਾ ਧੋਏਗਾ। ਇਹ ਵਹਿਮ ਹੈ। ਡਿਪਰੈਸ਼ਨ ਦੀਆਂ ਅਲੱਗ-ਅਲੱਗ ਨਿਸ਼ਾਨੀਆਂ ਹਨ। ਇਹ ਨਹੀਂ ਕਿ ਦਵਾਈ ਨਹੀਂ ਲੈਣੀ। ਦਵਾਈ ਵਿੱਚ ਨੀਂਦਰ ਹੁੰਦੀ ਹੈ। ਉਹ ਸਿਰਫ ਰੈਸਟ ਕਰਵਾਉਂਦੇ ਹਨ। ਦਿਮਾਗ ਰੈਸਟ ਵਿੱਚ ਆਵੇ। ਯਕੀਨ ਜਾਣਨਾ ਜਦੋਂ ਦਾਸ ਨੇ ਬੱਚੇ ਨੂੰ ਵੇਖਿਆ, ਦਾਸ ਨੇ ਸੋਚਿਆ ਕਿ ਕਿੰਨਾ ਰੱਬ ਤੋਂ ਡਰ ਕੇ ਰਹਿਣਾ ਚਾਹੀਦਾ ਹੈ, ਪੰਦਰਾਂ ਨੌਕਰ ਦੁਕਾਨ ਤੇ ਕੰਮ ਕਰਦੇ ਹਨ, ਤਿੰਨ ਲੱਖ ਰੋਜ਼ ਦੀ ਸੇਲ ਹੈ ਪਰ ਦੁਕਾਨ ਵੀ ਬੰਦ ਹੋ ਗਈ। ਨੌਕਰਾਂ ਨੂੰ ਕਹਿ ਦਿੱਤਾ ਕਿ ਪੰਦਰਾਂ ਦਿਨ ਛੁੱਟੀ ਕਰ ਲਓ ਕਿ ਜਿਸ ਨੇ ਮੇਨ ਕੰਟਰੋਲ ਕਰਨਾ ਹੈ, ਉਸਨੂੰ ਹੀ ਡਿਪਰੈਸ਼ਨ ਹੋ ਗਈ ਹੈ।

ਦਾਸ ਪੰਜ ਮਿੰਟ ਸੋਚਦਾ ਰਿਹਾ, ਇਸ ਦੀ ਦਵਾਈ ਕਿੱਥੇ ਹੈ? ਦੁਨਿਆਵੀ ਦਵਾਈ ਤਾਂ ਡਾਕਟਰਾਂ ਕੋਲ ਹੈ। ਜਿਹੜੀ ਸਾਡੇ ਗੁਰੂ ਘਰ ਵਿੱਚ ਦਵਾਈ ਹੈ, ਉਹ ਕਿੱਥੇ ਹੈ? ਪੰਜ ਮਿੰਟ ਸੋਚਿਆ। ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਦਾਸ ਦਾ ਧਿਆਨ ਚਲਾ ਗਿਆ, ਗੁਰਦੁਆਰਾ ਪੰਜੋਖਰਾ ਸਾਹਿਬ। ਦਾਸ ਨੇ ਕਿਹਾ, ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਛੜੀ ਲਗਾਈ ਸੀ, ਕਿਰਪਾ ਕੀਤੀ ਸੀ ਤੇ ਅੱਜ ਵੀ ਲਗਾ ਰਹੇ ਹਨ। ਦਾਸ ਨੇ ਪਰਿਵਾਰ ਨੂੰ ਬੇਨਤੀ ਕੀਤੀ, ਪੰਜ ਪਾਠ ਸੁਖਮਨੀ ਸਾਹਿਬ ਦੇ ਰੋਜ਼ ਦੇ ਘਰ ਸੈਂਚੀ ਸਾਹਿਬ ਲਗਾ ਲਓ, ਵੰਡ ਕੇ ਕਰ ਲਓ। ਪੰਜ ਇਕੱਠੇ ਕਰ ਲਓ। ਰੋਲ ਦੇ ਕੇ ਕਰ ਲਓ। ਜਲ ਕੋਲ ਰੱਖ ਲਓ। ਇਹ ਸ਼ੁਰੂ ਕਰ ਦਿਓ ਤੇ ਜਲ ਇਸ ਨੂੰ ਪਿਲਾਇਆ ਕਰੋ। ਦਾਸ ਨੇ ਕਿਹਾ, ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਹਾਜ਼ਰੀ ਲਗਾ ਕੇ ਆਓ। ਬਾਲਾ ਪ੍ਰੀਤਮ ਜੀ ਦੇ ਦਰ ਤੇ ਤਰਲਾ ਪਾਓ।

ਅੱਜ ਵੀ ਉਹ ਕਿਰਪਾ ਕਰ ਰਹੇ ਹਨ। ਮਰਿਆਦਾ ਸਮਝਾਈ ਪ੍ਰੇਮ ਦੀ। ਦਾਸ ਨੇ ਬੇਨਤੀ ਕੀਤੀ, ਕਾਰ ਵਿੱਚ ਜੋੜਾ ਨਹੀਂ ਪਾਉਣਾ। ਜਲੰਧਰ ਤੋਂ ਕਾਰ ਵਿੱਚ ਜਾਣਾ ਹੈ। ਤਿੰਨ ਕੁ ਘੰਟੇ ਲੱਗਣਗੇ। ਦਾਸ ਨੇ ਬੇਨਤੀ ਕੀਤੀ, ਜੋੜਾ ਨਹੀਂ ਪਾਉਣਾ। ਕੋਈ ਕਾਰ ਵਿੱਚ ਮੋਬਾਇਲ ਨਹੀਂ ਸੁਣਨਾ। ਕਈ ਵਾਰ ਸਾਡੀ ਝੋਲੀ ਤਾਂ ਨਹੀਂ ਭਰਦੀ, ਸਾਡੇ ਕੋਲ ਗੁਰੂ ਘਰ ਜਾਣ ਦੀ ਵਿਧੀ ਨਹੀਂ ਹੁੰਦੀ। ਪ੍ਰੇਮ ਨਹੀਂ ਹੁੰਦਾ। ਜਾ ਗੁਰਦੁਆਰਾ ਸਾਹਿਬ ਰਹੇ ਹੁੰਦੇ ਹਾਂ ਤੇ ਸਾਰੇ ਰਾਹ ਮੋਬਾਇਲ ਨਹੀਂ ਛੱਡਦੇ। ਜਦੋਂ ਜਾਓ ਤੇ ਫਿਰ ਦੂਜੀਆਂ ਚੀਜ਼ਾਂ ਤੋਂ ਸੰਕੋਚ ਕਰੋ। ਉਦੋਂ

*ਗੋਂਡ ਮਹਲਾ ੫ ॥*
*ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥*
*ਗੁਰੂ ਬਿਨਾ ਮੈ ਨਾਹੀ ਹੋਰ ॥*
*(ਅੰਗ ੮੬੪)*

ਦਾਸ ਨੇ ਕਿਹਾ, ਕਾਰ ਵਿੱਚ ਜੋੜਾ ਨਹੀਂ ਪਾਉਣਾ। ਦੂਜਾ, ਕੋਈ ਮੋਬਾਇਲ ਅਟੈਂਡ ਨਹੀਂ ਕਰਨਾ। ਕੋਈ ਵਟਸੈਪ ਜਾਂ ਫੇਸਬੁੱਕ ਨਹੀਂ ਚਲਾਉਣੀ। ਦਾਸ ਨੇ ਬੇਨਤੀ ਕੀਤੀ, ਜਲੰਧਰ ਤੋਂ ਅੰਬਾਲੇ ਤੱਕ ਇਹੀ ਜਪੀ ਜਾਣਾ ਹੈ, ਚਾਰ ਵਾਰੀ ਵਾਹਿਗੁਰੂ ਤੇ ਫਿਰ ਬੋਲਣਾ ਹੈ :

*ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ।*

ਉੱਧਰ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਹੁੰਚ ਕੇ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੀ ਹਾਜ਼ਰੀ ਲਗਾਉਣੀ ਹੈ, ਨਾਲ ਇਸ਼ਨਾਨ ਤੇ ਫਿਰ ਦੇਗ ਲੈ ਕੇ ਗੁ: ਸ੍ਰੀ ਪੰਜੋਖਰਾ ਸਾਹਿਬ ਅੰਦਰ ਅਰਦਾਸ ਕਰਨੀ ਹੈ। ਬਾਲਾ ਪ੍ਰੀਤਮ ਜੀ, ਇਹ ਦੁਕਾਨ ਤੇ ਬੈਠਨ ਵਾਲਾ ਹੈ, ਕਿਰਪਾ ਕਰੋ, ਜਿਵੇਂ ਉਸ ਸਮੇਂ ਛੱਜੂ ਝੀਵਰ ਦੇ ਛੜੀ ਲਗਾਈ ਸੀ, ਅੱਜ ਵੀ ਕਿਰਪਾ ਕਰ ਦਿਓ। ਪੰਜ ਹਫਤੇ ਹਾਜ਼ਰੀ ਲਗਾਉਣੀ ਹੈ। ਹਾਜ਼ਰੀ ਲਗਾ ਕੇ ਵਾਪਸ ਆ ਜਾਣਾ ਤੇ ਇਧਰ ਘਰ ਵਿੱਚ ਰੋਜ਼ ਪੰਜ ਪਾਠ ਸ੍ਰੀ ਸੁਖਮਨੀ ਦੇ ਚਲਦੇ ਰਹਿਣ। ਯਕੀਨ ਜਾਣਨਾ। ਤੀਜੀ ਅਰਦਾਸ ਸੀ, ਇਹ ਬਿਮਾਰੀ ਦੋ-ਦੋ ਸਾਲ ਨਹੀਂ ਜਾਂਦੀ, ਕਈਆਂ ਦੇ ਪੰਜ-ਪੰਜ ਸਾਲ, ਦਸ-ਦਸ ਸਾਲ ਨਹੀਂ ਜਾਂਦੀ, ਤੀਜੀ ਅਰਦਾਸ ਸੀ, ਦੁਕਾਨ ਵੀ ਖੁੱਲ੍ਹ ਗਈ, ਨੌਕਰ ਵੀ ਆ ਗਏ, ਵੱਟਕਾਂ ਵੀ ਸ਼ੁਰੂ ਹੋ ਗਈਆਂ। ਉਹੋ ਬੱਚਾ ਡੱਟ ਕੇ ਪੂਰੀ ਸਾਵਧਾਨੀ ਨਾਲ ਗੱਦੀ ਵੀ ਸੰਭਾਲਣ ਲੱਗ ਪਿਆ। ਦਾਸ ਦੀਆਂ ਅੱਖਾਂ ਵਿੱਚੋਂ ਅੱਥਰੂ ਨਾ ਰੁਕਣ। ਦਾਸ ਨੇ ਕਿਹਾ ਕਿ ਕੌਣ ਕਹਿੰਦਾ ਹੈ, ਬਾਲਾ ਪ੍ਰੀਤਮ ਜੀ, ਤੁਸੀਂ ਉਦੋਂ ਛੜੀਆਂ ਲਗਾਈਆਂ ਸਨ ਨਹੀਂ ਤੁਸੀਂ ਅੱਜ ਵੀ ਛੜੀਆਂ ਲਗਾ ਕੇ ਝੋਲੀਆਂ ਭਰ ਰਹੇ ਹੋ।

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥*
*(ਅੰਗ ੭੫੯)*

❁❁❁


**ਸਿਫਤਿ ਸਾਲਾਹ ਪੜ੍ਹੋ** **ਮੈਨੂੰ ਜ਼ਰੂਰ ਪੜ੍ਹੋ** **ਸਿਫਤਿ ਸਾਲਾਹ ਕਰੋ**

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦਾ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- | 1200/- |
| ਦੋ ਸਾਲ | 300/- | 2400/- |
| ਪੰਜ ਸਾਲ | 600/- | 4800/- |
| ਲਾਈਫ | 2400/- | 19200/- |

## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ



# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

-ਭਾਈ ਅਮਰੀਕ ਸਿੰਘ ਗਨੈਸਕ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪਰਮੇਸ਼ਰ ਸਦ ਬਖਸ਼ਿੰਦ ਹੈ। ਭਾਵੇਂ ਕੀਤੇ ਕਰਮਾਂ ਦਾ ਫਲ ਕਰਮ ਕਰਨ ਵਾਲੇ ਦੇ ਸਾਹਮਣੇ ਅਕਾਲ ਪੁਰਖ ਦੇ ਹੁਕਮ ਵਿੱਚ ਹੀ ਆਉਂਦਾ ਹੈ ਪਰ ਸੱਚੇ ਦਿਲੋਂ ਪਛਤਾਵਾ ਕਰਨ ਵਾਲੇ ਨੂੰ ਉਹ ਬਖਸ਼ ਵੀ ਲੈਂਦਾ ਹੈ। ਜੀਵ ਦੇ ਵਲਵਲੇ ਹੀ ਉਸਦਾ ਭਵਿੱਖ ਤੈਅ ਕਰਦੇ ਹਨ। ਅੰਦਰੋਂ ਪਛਤਾਵਾ ਹੋਵੇ, ਵਲਵਲੇ ਨਾਲ, ਖਿੱਚ ਨਾਲ ਬਖਸੇ ਜਾਣ ਦੀ ਪੁਕਾਰ ਕਰੇ ਤਾਂ ਕਿਰਪਾ ਜ਼ਰੂਰ ਹੁੰਦੀ ਹੈ। ਇਹ ਵਲਵਲਾ ਜਿੰਨਾ ਤੀਬਰ ਹੋਵੇ, ਓਨੀ ਹੀ ਜਲਦੀ ਕਿਰਪਾ ਹੁੰਦੀ ਹੈ।

ਸ੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਫਿਲੌਰ ਆਏ ਹੋਏ ਸਨ। ਇੱਕ ਸਵੇਰ ਆਪ ਜੀ ਸੈਰ ਕਰਦੇ ਹੋਏ ਬਾਹਰਵਾਰ ਇੱਕ ਝਿੜੀ ਵੱਲ ਆ ਗਏ। ਸੈਰ ਕਰਨ ਵੇਲੇ ਆਮ ਤੌਰ ਤੇ ਇੱਕ ਬਿਹੰਗਮ ਜਾਂ ਸੰਗੀ ਨਾਲ ਹੁੰਦਾ ਜਿਸ ਕੋਲ ਗੜਵਾ ਅਤੇ ਇੱਕ ਕੱਪੜਾ ਹੁੰਦਾ। ਕਿਸੇ ਸੁਹਾਵਣੇ ਅਸਥਾਨ ਤੇ ਨਿੱਜ ਸਰੂਪ ਵਿੱਚ ਜੁੜ ਬੈਠਦੇ। ਜੋ ਸੇਵਕ ਨਾਲ ਹੁੰਦਾ ਬੈਠਣ ਲਈ ਆਸਣ ਵਿਛਾ ਦਿੰਦਾ। ਅੱਜ ਆਪ ਜੀ ਦੇ ਨਾਲ ਸਰਦਾਰ ਬਲਵੰਤ ਸਿੰਘ ਆਹਲੂਵਾਲੀਆ ਸੀ।

ਪਿਛਲੇ ਲਗਭਗ ਪੰਜ ਸਾਲਾਂ ਤੋਂ ਬਾਬਾ ਜੀ ਫਿਲੌਰ ਦੀ ਸੰਗਤ ਦੇ ਪ੍ਰੇਮ ਨੂੰ ਪ੍ਰਵਾਨ ਕਰਦੇ ਹੋਏ ਕੁਝ ਦਿਨਾਂ ਦਾ ਸਮਾਂ ਦਿੰਦੇ ਅਤੇ ਕੀਰਤਨ ਰਾਹੀਂ ਸੰਗਤ ਨੂੰ ਗੁਰਮਤਿ ਅਨੁਸਾਰ ਜੀਵਨ ਦੀ ਪ੍ਰੇਰਨਾ ਕਰਦੇ। ਛੇਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਦੀਵਾਨ ਸਜਦੇ।

ਇਸ ਵਾਰ ਬਾਬਾ ਜੀ ਨੂੰ ਫਿਲੌਰ ਆਇਆਂ ਤਿੰਨ-ਚਾਰ ਦਿਨ ਹੋ ਗਏ ਸਨ। ਅੱਜ ਸੈਰ ਕਰਦਿਆਂ ਝਿੜੀ ਵੱਲ ਆਉਣ ਤੇ ਬਲਵੰਤ ਸਿੰਘ ਸੋਚ ਰਿਹਾ ਸੀ ਕਿ ਇੰਨੀ ਦੂਰ ਇਸ ਪਾਸੇ ਆਉਣ ਦਾ ਜ਼ਰੂਰ ਕੋਈ ਵਿਸ਼ੇਸ਼ ਕਾਰਣ ਹੋਵੇਗਾ। ਇਹ ਝਿੜੀ ਜਿਸਨੂੰ ਜ਼ਖੀਰਾ ਵੀ ਕਹਿੰਦੇ ਸਨ, ਜਿਸ ਵਿੱਚ ਇੱਕ ਕਬਰਸਤਾਨ ਵੀ ਸੀ। ਬਾਬਾ ਜੀ ਕਬਰਸਤਾਨ ਵਿੱਚ ਕਬਰਾਂ ਦੇ ਵਿੱਚ ਦੀ ਅੱਗੇ ਵੱਲ ਜਾ ਰਹੇ ਸਨ। ਬਲਵੰਤ ਸਿੰਘ ਹੈਰਾਨ ਹੋ ਰਿਹਾ ਸੀ ਅਤੇ ਅਦਬ ਨਾਲ ਪਿੱਛੇ-ਪਿੱਛੇ ਤੁਰਿਆ ਜਾ ਰਿਹਾ ਸੀ।

ਇੱਕ ਕਬਰ ਕੋਲ ਜਾ ਕੇ ਬਾਬਾ ਜੀ ਰੁਕ ਗਏ। ਇਸ ਕਬਰ ਦੇ ਨਾਲ ਲੱਗੀ ਚਿੱਟੀ ਸ਼ਿਲ੍ਹਾ ਉੱਪਰ ਕੁਝ ਉਕਰਿਆ ਹੋਇਆ ਸੀ। ਕਾਲੇ ਰੰਗ ਨਾਲ ਉਕਰੇ ਇਹ ਲਫਜ਼ ਸਨ :

*ਐ ਗੁਜ਼ਰਨੇ ਵਾਲੇ, ਮੁਝ ਗੁਨਾਹਗਾਰ ਕਾ*
*ਫਾਤਿਹਾ ਪੜ੍ਹਤੇ ਜਾਨਾ।*

ਜਾਪਦਾ ਸੀ ਮਰਨ ਵਾਲੇ ਨੇ ਮਰਨ ਤੋਂ ਪਹਿਲਾਂ ਆਪਣੇ ਵਾਰਿਸਾਂ ਨੂੰ ਹਦਾਇਤ ਕੀਤੀ ਹੋਵੇਗੀ ਕਬਰ ਦੀ ਸ਼ਿਲ੍ਹਾ ਤੇ ਇਹ ਲੇਖ ਲਿਖਣ ਦੀ।

ਬਾਬਾ ਜੀ ਨੇ ਚਰਨਾਂ ਵਿੱਚੋਂ ਜੋੜਾ ਲਾਹ ਦਿੱਤਾ, ਨੇਤਰ ਮੀਚ ਲਏ। ਬਲਵੰਤ ਸਿੰਘ ਨੂੰ ਇੰਨੀ ਕੁ ਸਮਝ

ਤਾਂ ਲੱਗ ਗਈ ਕਿ ਜਿਸਦੀ ਇਹ ਕਬਰ ਹੈ, ਉਸਦੀ ਪੁਕਾਰ ਸੁਣ ਕੇ ਬਾਬਾ ਜੀ ਇੱਥੇ ਆਏ ਹਨ।

ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲੇ ਇੱਕ ਵਾਰ ਸ਼ੇਰਪੁਰ ਪਿੰਡ ਦੇ ਬਾਹਰ ਇੱਕ ਕਬਰ ਦੇ ਕੋਲ ਗਏ, ਉਸ ਤੋਂ ਕੁਝ ਦੂਰ ਇੱਕ ਪਾਸੇ ਨਿੱਜ ਸਰੂਪ ਵਿੱਚ ਲੀਨ ਹੋ ਗਏ। ਉਸ ਵੇਲੇ ਅਜੇ ਬਾਬਾ ਜੀ ਨਾਨਕਸਰ ਵਾਲੇ ਅਸਥਾਨ ਤੇ ਨਹੀਂ ਆਏ ਸਨ। ਪਿੰਡੋਂ ਜਾਣ ਤੋਂ ਕਈ ਵਰ੍ਹਿਆਂ ਬਾਅਦ ਇਸ ਪਾਸੇ ਆਏ ਸਨ। ਕੁਝ ਸਮਾਂ ਇਸ ਤਰ੍ਹਾਂ ਬੈਠਣ ਤੋਂ ਬਾਅਦ ਜਦ ਬਾਬਾ ਜੀ ਉੱਥੋ ਜਾਣ ਲੱਗੇ ਤਾਂ ਕਿਸੇ ਪ੍ਰੇਮੀ ਦੇ ਪੁੱਛਣ ਤੇ ਦੱਸਿਆ ਕਿ ਜਿਸਦੀ ਇਹ ਕਬਰ ਸੀ ਬਚਪਨ ਵਿੱਚ ਉਨ੍ਹਾਂ ਨਾਲ ਖੇਡਦਾ ਹੁੰਦਾ ਸੀ। ਉਸਦੀ ਰੂਹ ਦੀ ਪੁਕਾਰ ਸੁਣ ਕੇ ਅਬਗਤ ਜੂਨੀ ਤੋਂ ਛੁਟਕਾਰੇ ਲਈ ਅਰਦਾਸ ਕਰਨ ਆਏ ਸਨ।

ਬਲਵੰਤ ਸਿੰਘ ਵੀ ਬਾਬਾ ਜੀ ਦੇ ਝਿੜੀ ਆਉਣ ਦਾ ਕਾਰਨ ਸਮਝ ਗਿਆ ਸੀ। ਉਸਨੂੰ ਮਹਿਸੂਸ ਹੋ ਰਿਹਾ ਸੀ ਕਿ ਬਾਬਾ ਜੀ ਅਕਾਲ ਪੁਰਖ ਦੇ ਸਨਮੁੱਖ ਅਰਦਾਸ ਕਰ ਰਹੇ ਹਨ।

ਚਾਰੇ ਪਾਸੇ ਸ਼ਾਂਤੀ ਸੀ। ਕੋਈ ਅਵਾਜ਼ ਨਹੀਂ ਸੀ ਆ ਰਹੀ। ਹਵਾ ਚੱਲ ਰਹੀ ਸੀ ਜੋ ਸਰੀਰ ਨੂੰ ਠੰਡੀ ਅਤੇ ਸੁਖਦਾਈ ਮਹਿਸੂਸ ਹੋ ਰਹੀ ਸੀ। ਅਚਾਨਕ ਉਸਨੂੰ ਲੱਗਾ ਕਿ ਇੱਕ ਨੌਜਵਾਨ ਕਬਰ ਵਾਲੀ ਜਗ੍ਹਾ ਤੋਂ ਉੱਠ ਕੇ ਹੱਥ ਜੋੜ ਰਿਹਾ ਹੈ। ਜਾਪਿਆ ਕਿ ਉਹ ਕਹਿ ਰਿਹਾ ਹੈ, ''ਹੇ ਵੱਲੀ ਅਲਾਹ! ਤੇਰਾ ਬਹੁਤ-ਬਹੁਤ ਸ਼ੁਕਰ ਗੁਜ਼ਾਰ ਹਾਂ। ਮੈਂ ਹੀ ਘਰ ਵਾਲਿਆਂ ਨੂੰ ਹਦਾਇਤ ਕੀਤੀ ਸੀ ਇਹ ਇਬਾਰਤ (ਲਿਖਤ) ਲਿਖਣ ਵਾਸਤੇ। ਅੱਜ ਸੌ ਸਾਲ ਬਾਅਦ ਤੂੰ ਆਇਆ.... ਤੇਰੀ ਪਾਕ ਨਿਗ੍ਹਾ ਨੇ ਤੇਰੀ ਕੀਤੀ ਦੁਆ ਨੇ ਮੇਰੇ ਸਾਰੇ ਬੋਝ ਉਤਾਰ ਦਿੱਤੇ ਹਨ। ਮੈਂ ਗੁਨਾਹਾਂ ਦੇ ਬੋਝ ਹੇਠ ਦੱਬਿਆ ਸੀ। ਮੇਰੇ ਸਾਰੇ ਬੋਝ ਉਤਰ ਗਏ ਹਨ।''

ਬਲਵੰਤ ਸਿੰਘ ਨੂੰ ਜਾਪਿਆ ਦੋ ਅਰਸ਼ੀ ਰੂਹਾਂ ਪ੍ਰਗਟ ਹੋਈਆਂ ਹਨ ਅਤੇ ਉਸਨੂੰ ਨਾਲ ਲੈ ਗਈਆਂ। ਜਾਂਦੇ ਹੋਏ ਉਸਨੇ ਸਲਾਮ ਕੀਤਾ। ਬਾਬਾ ਜੀ ਨੇ ਹੱਥ ਉੱਪਰ ਕੀਤੇ ਜਿਵੇਂ ਉਸਨੂੰ ਅਸੀਸ ਦਿੱਤੀ ਹੋਵੇ।

''ਬਲਵੰਤ ਸਿੰਘ!'' ਮਹਾਂਪੁਰਖਾਂ ਦੇ ਮੁੱਖ ਤੋਂ ਆਪਣਾ ਨਾਮ ਸੁਣਿਆ ਤਾਂ ਦੇਖਿਆ, ਮਹਾਂਪੁਰਖ ਉਸਦੇ ਕੋਲ ਆ ਗਏ ਹਨ। ਬੜਾ ਹੈਰਾਨ ਹੋਇਆ। ਇਹ ਪਰਤੱਖ ਸੀ ਜਾਂ ਸੁਪਨਾ। ਸੁਪਨਾ ਤਾਂ ਨੀਂਦ ਵਿੱਚ ਆਇਆ ਕਰਦਾ ਹੈ। ਕੀ ਉਸਨੂੰ ਠੰਡੀ ਹਵਾ ਨਾਲ ਨੀਂਦ ਆ ਗਈ ਸੀ! ਬੈਠੇ ਨੂੰ ਤਾਂ ਨੀਂਦ ਆ ਸਕਦੀ ਹੈ ਪਰ ਖੜ੍ਹੇ-ਖੜ੍ਹੇ ਨੀਂਦ ਕਿਵੇਂ ਆ ਸਕਦੀ ਹੈ!

''ਬਲਵੰਤ ਸਿੰਘ!'' ਬਾਬਾ ਜੀ ਨੇ ਬਚਨ ਕੀਤਾ ''ਵੇਖੋ ਨਾਂ ਇੱਕ ਲਿਖਤ ਦਾ ਮਨ ਉੱਪਰ ਕਿੰਨਾ ਪ੍ਰਭਾਵ ਹੁੰਦਾ ਹੈ। ਸਾਨੂੰ ਵੀ ਅਰਦਾਸ ਕਰਨ ਲਈ ਪ੍ਰੇਰ ਦਿੱਤਾ।''

''ਬਾਬਾ ਜੀ! ਸੱਚ ਤਾਂ ਇਹ ਹੈ ਇਸਦੀ ਪੁਕਾਰ ਸੁਣ ਕੇ ਹੀ ਆਪ ਜੀ ਇੱਥੇ ਆਏ ਹੋ।'' ਬਲਵੰਤ ਸਿੰਘ ਨੇ ਕਿਹਾ।

''ਪ੍ਰਭੂ ਦੀ ਕਰਨੀ ਉਹ ਆਪ ਜਾਣਦਾ ਹੈ। ਅਰਦਾਸ ਫਕੀਰ ਦਾ ਧਰਮ ਹੈ, ਰਹਿਮ ਅਲਾਹ ਦਾ ਕਰਮ ਹੈ।'' ਬਾਬਾ ਜੀ ਨੇ ਰਮਜ਼ ਭਰਪੂਰ ਬਚਨ ਕੀਤਾ।

ਇਹ ਜੀਵ ਆਤਮਾ ਕਰਮਾਂ ਦੇ ਫਲਸਰੂਪ ਅਬਗਤ ਰੂਪ ਵਿੱਚ ਸੀ, ਪਰ ਅੰਤ ਸਮੇਂ ਦੇ ਪਛਤਾਵੇ ਅਤੇ ਮਰਨ ਤੋਂ ਬਾਅਦ ਦੀਆਂ ਪੁਕਾਰਾਂ ਨੇ ਉਸਦਾ ਉਧਾਰ ਜਲਦੀ ਕਰਵਾ ਦਿੱਤਾ ਸੀ।

ਫਿਲੌਰ ਤੋਂ ਕਰਮਸਰ ਰਾੜਾ ਸਾਹਿਬ ਵਾਪਸ ਆਉਣ ਤੋਂ ਕੁਝ ਦਿਨਾਂ ਬਾਅਦ ਕਪੂਰਥਲੇ ਦੇ ਸੰਗੀਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਆਪ ਜੀ ਜੱਥੇ ਸਮੇਤ

ਕਪੂਰਥਲੇ ਪਹੁੰਚੇ। ਸਰਦਾਰ ਸੁੰਦਰ ਸਿੰਘ ਦੀ ਕੋਠੀ ਵਿੱਚ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ। ਅਖੰਡ ਪ੍ਰਕਾਸ਼ ਹੋ ਗਏ। ਰੋਜ਼ਾਨਾ ਦੇ ਨੇਮ ਅਨੁਸਾਰ ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਕਥਾ-ਕੀਰਤਨ ਹੁੰਦਾ। ਕੋਠੀ ਦੇ ਮੈਦਾਨ ਵਿੱਚ ਦੀਵਾਨ ਵੀ ਸਜਦੇ। ਬਾਬਾ ਜੀ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ। ਸੰਗਤ ਹਾਜ਼ਰੀ ਭਰ ਕੇ ਲਾਹੇ ਪ੍ਰਾਪਤ ਕਰਦੀ।

ਬਾਬਾ ਜੀ ਪਹਿਲੀ ਵਾਰ ਕਪੂਰਥਲੇ ਚਾਰ ਸਾਲ ਪਹਿਲਾਂ 1941 ਵਿੱਚ ਆਏ ਸਨ। ਉਸ ਵੇਲੇ ਸੰਗੀਆਂ ਦੀ ਭਾਵਨਾ ਅਨੁਸਾਰ ਥਾਣੇਦਾਰ ਸ਼ਮਸ਼ੇਰ ਸਿੰਘ ਅਤੇ ਕੁਝ ਹੋਰ ਪ੍ਰੇਮੀਆਂ ਦੇ ਘਰਾਂ ਵਿੱਚ ਵਾਰੀ-ਵਾਰੀ ਰਿਹਾਇਸ਼ ਕੀਤੀ। ਘਰਾਂ ਵਿੱਚ ਅਖੰਡ ਪਾਠ ਪ੍ਰਕਾਸ਼ ਹੋਏ, ਦੀਵਾਨ ਸਜੇ। ਸੰਗਤ ਨਿਰੋਲ ਗੁਰਮਤਿ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋ ਰਹੀ ਸੀ। ਜਗਿਆਸੂਆਂ ਨੂੰ ਰੂਹਾਨੀਅਤ ਵਿੱਚ ਅਗਵਾਈ ਪ੍ਰਾਪਤ ਹੋ ਰਹੀ ਸੀ।

ਮਹਾਰਾਜਾ ਕਪੂਰਥਲਾ ਜਗਤਜੀਤ ਸਿੰਘ ਦੀ ਪਤਨੀ ਮਹਾਰਾਣੀ ਹਰਬੰਸ ਕੌਰ (ਰਾਜ-ਮਾਤਾ) ਧਾਰਮਿਕ ਖਿਆਲਾਂ ਵਾਲੀ ਸੀ। ਉਹ ਤਿੰਨਾਂ ਰਾਣੀਆਂ ਵਿੱਚੋਂ ਵੱਡੀ ਸੀ। ਪਪਰੌਲਾ ਦੇ ਸ੍ਰ. ਰਣਜੀਤ ਸਿੰਘ ਦੀ ਪੁੱਤਰੀ ਸੀ। ਇਸ ਵੇਲੇ ਬਜ਼ੁਰਗ ਅਵਸਥਾ ਵਿੱਚ ਸੀ। ਬਾਬਾ ਜੀ ਬਾਰੇ ਸੁਣਿਆ ਤਾਂ ਦਰਸ਼ਨਾਂ ਦੀ ਇੱਛਾ ਹੋਈ। ਇਤਿਹਾਸ ਪੜ੍ਹਦਿਆਂ ਉਸਨੂੰ ਕੁਝ ਸ਼ੰਕੇ ਵੀ ਹੋ ਗਏ ਸਨ, ਜਿਨ੍ਹਾਂ ਦੀ ਨਵਿਰਤੀ ਚਾਹੁੰਦੀ ਸੀ।

—ਚਲਦਾ

---


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+40=190/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

488

ਜਿਵੇਂ ਪਾਣੀ ਤੋਂ ਬਿਨਾਂ ਫਸਲ ਸੁੱਕ ਜਾਂਦੀ ਹੈ, ਇਸੇ ਤਰ੍ਹਾਂ ਗੁਰਬਾਣੀ ਤੋਂ ਬਿਨਾਂ ਸਿੱਖ ਦਾ ਜੀਵਨ ਸੁੱਕ ਜਾਂਦਾ ਹੈ।

489

ਜਪੁਜੀ ਸਾਹਿਬ ਦੀ ਬਾਣੀ ਦੇ ਮਹਾਤਮ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸ ਬਾਣੀ ਦੇ ਅਭਿਆਸ ਕਰਨ ਨਾਲ ਦਸਮ ਦਵਾਰ ਵੀ ਖੁੱਲ੍ਹਦਾ ਹੈ, ਅਗਲੀਆਂ ਮੰਜ਼ਿਲਾਂ ਵੀ ਮਿਲਦੀਆਂ ਹਨ, ਇਹ ਬਾਣੀ ਪਰਦੇ ਵੀ ਢੱਕਦੀ ਹੈ, ਸਰੀਰਕ ਤੇ ਆਤਮਿਕ ਬਲ ਵੀ ਪ੍ਰਦਾਨ ਕਰਦੀ ਹੈ।

490

ਜੀਵਨ ਵਿੱਚ ਵਿਚਰਦਿਆਂ ਗੁਰੂ ਦਾ ਸਿੱਖ ਦੁਨਿਆਵੀ ਪਦਾਰਥਾਂ ਵਿੱਚ ਆਪਣੇ ਤੋਂ ਨੀਵੇ ਵੱਲ ਨੂੰ ਵੇਖੇ ਅਤੇ ਅਧਿਆਤਮਿਕ ਤਰੱਕੀ ਵਿੱਚ ਆਪਣੇ ਤੋਂ ਉੱਪਰ ਵੱਲ ਨੂੰ ਵੇਖੇ, ਇਸ ਨਾਲ ਫਿਰ ਸਹਿਜ ਬਣਿਆ ਰਵ੍ਹੇਗਾ।

—ਸੰਪਾਦਕ



# ਗੁਰਬਾਣੀ ਵਿੱਚ ਨਾਮਹੀਣ ਮਨੁੱਖ ਦੀ ਦਸ਼ਾ

*—ਭਾਈ ਪਾਲ ਸਿੰਘ*

ਬਾਬਾ ਨੰਦ ਸਿੰਘ ਜੀ ਦੇ ਬਚਨ ਹਨ ਕਿ ਜਦੋਂ ਜੀਵ ਪਹਿਲੀ ਵਾਰ ਸੰਸਾਰ ਤੇ ਭੇਜਿਆ ਜਾਂਦਾ ਹੈ, ਉਸ ਵਕਤ ਨਿਰੰਕਾਰ ਆਪਣੀ ਜੋਤ ਵਿੱਚੋਂ ਸਤਾ ਦੇ ਕੇ ਇਸ ਜੀਵ ਨੂੰ ਸਵਾਸਾਂ ਰੂਪੀ ਪੂੰਜੀ ਤੇ ਸਰੀਰ ਰੂਪੀ ਹੱਟੀ ਪਾ ਕੇ ਭੇਜਦਾ ਹੈ। ਫਿਰ ਜਦੋਂ ਉਮਰ ਭੋਗ ਕੇ ਸੰਸਾਰ ਤੋਂ ਜਾਂਦਾ ਹੈ ਤਾਂ ਦਸ ਦਿਨ ਦੇ ਅੰਦਰ-ਅੰਦਰ ਇਸ ਦੇ ਦਾਨ ਪੁੰਨ, ਪੂਜਾ, ਪਾਠ ਦਾ ਹਿਸਾਬ ਹੁੰਦਾ ਹੈ। ਜੇ ਪੁੰਨ ਨਾ ਹੋਣ ਤਾਂ ਕੁੱਤਾ ਬਿੱਲਾ ਬਣ ਕੇ ਬੂਹੇ ਤੇ ਆ ਬੈਠਦਾ ਹੈ। ਜੇਕਰ ਬਹੁਤੇ ਖੋਟੇ ਕਰਮ ਕੀਤੇ ਹੋਣ ਤਾਂ ਭੂਤ ਪ੍ਰੇਤ ਬਣ ਕੇ ਘਰਦਿਆਂ ਨੂੰ ਤੰਗ ਕਰਨ ਲੱਗ ਜਾਂਦਾ ਹੈ।

*ਭੈਰਉ ਮਹਲਾ ੩ ॥*

*ਕਲਿ ਮਹਿ ਪ੍ਰੇਤ ਜਿਨ੍ੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ ॥*

*(ਅੰਗ ੧੧੩੧)*

84 ਲੱਖ ਜੂਨਾਂ ਵਿੱਚੋਂ ਮਨੁੱਖਾ ਦੇਹੀ ਸਭ ਤੋਂ ਉੱਤਮ ਹੈ, ਪਸ਼ੂ-ਪੰਛੀ ਤੇ ਬਾਕੀ ਜੂਨੀਆਂ ਵਿੱਚ ਪ੍ਰਭੂ ਸਿਮਰਨ ਨਹੀਂ ਕੀਤਾ ਜਾ ਸਕਦਾ। ਮਨੁੱਖਾ ਜਨਮ ਪੌੜੀ ਦਾ ਸਭ ਤੋਂ ਉੱਪਰਲਾ ਡੰਡਾ ਹੈ। ਜਿਹੜਾ ਇਸ ਜਨਮ ਵਿੱਚ ਵੀ ਨਾਮ ਤੋਂ ਖੁੰਝ ਗਿਆ ਫਿਰ ਥੱਲੇ ਡਿੱਗ ਕੇ ਆਵਾ ਗਾਉਣ ਵਿੱਚ ਪੈ ਕੇ ਦੁੱਖ ਭੋਗੇਗਾ।

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥*
*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥੨॥*

*(ਅੰਗ ੧੦੭੫)*

ਇਸ ਲਈ ਅੰਮ੍ਰਿਤ ਵੇਲੇ ਉੱਠਕੇ ਪ੍ਰਭੂ ਦਾ ਨਾਮ ਜਪੋ ਤੇ ਧਿਆਨ ਆਪਣੇ ਗੁਰੂ ਦੇ ਚਰਨਾਂ ਦਾ ਧਰੋ, ਇਸ ਤਰ੍ਹਾਂ ਜਨਮ ਮਰਨ ਦੇ ਗੇੜ ਵਿੱਚ ਪਾਉਣ ਵਾਲੀ ਵਿਕਾਰਾਂ ਦੀ ਮੈਲ ਲੱਥ ਜਾਵੇਗੀ।

*ਡਖਣੇ ਮ: ੫ ॥*

*ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥*
*ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥੧॥*

*(ਅੰਗ ੧੦੯੯)*

ਦਸ ਪਾਤਿਸ਼ਾਹੀਆਂ ਦਾ ਇਤਿਹਾਸ ਲਿਖਣ ਵਾਲੇ ਸੋਢੀ ਤੇਜਾ ਸਿੰਘ ਜੀ ਨੂੰ ਸਵਾਲ ਪੁੱਛਿਆ ਗਿਆ ਕਿ ਜਦ ਭਗਤੀ ਤੇ ਬੈਠੀਏ ਤਾਂ ਧਿਆਨ ਕਿਸ ਤੇ ਟਿਕਾਈਏ? ਜਦ ਪਰਮਾਤਮਾ ਦੀ ਕੋਈ ਸ਼ਕਲ ਨਹੀਂ ਤਾਂ ਮਨ ਨੂੰ ਇਕਾਗਰ ਕੌਣ ਕਰੇਗਾ? ਉਹ ਆਪਣੀ ਪੁਸਤਕ ਗਿਆਨ ਪ੍ਰਕਾਸ਼ ਵਿੱਚ ਲਿਖਦੇ ਹਨ, ਦਸ ਗੁਰੂ ਸਾਹਿਬ ਇਕੋ ਹੀ ਜੋਤ ਹਨ। ਜਿਸ ਗੁਰੂ ਸਾਹਿਬ ਦਾ ਨਾਮ ਤੁਹਾਡੇ ਮੂੰਹ ਤੇ ਬਾਰ-ਬਾਰ ਆਉਂਦਾ ਹੋਵੇ ਅਥਵਾ ਜਿਸ ਗੁਰੂ ਜੀ ਨੂੰ ਤੁਸੀਂ ਆਪਣੇ ਔਖੇ ਸਮੇਂ ਯਾਦ ਕਰਦੇ ਹੋ ਉਨ੍ਹਾਂ ਦੇ ਚਰਨਾਂ ਉੱਤੇ ਧਿਆਨ ਟਿਕਾਓ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ ਕਿ ਗੁਰੂ ਹੀ ਪਰਮੇਸ਼ਰ ਦਾ ਸਰਗੁਨ ਸਰੂਪ ਹੈ।

*ਪਾਰਬ੍ਰਹਮੁ ਪਰਮੇਸਰੁ ਅਨੂਪੁ ॥*
*ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥*

*(ਅੰਗ ੧੧੫੨)*

ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਆਪ

ਅਰਦਾਸ ਕਰਦੇ ਹਨ ਕਿ ਜਿੰਨ੍ਹਾਂ ਸਰੀਰਾਂ ਨੇ ਸਤਿਗੁਰੂ ਜੀ ਨੂੰ ਪਰਮੇਸ਼ਰ ਦਾ ਰੂਪ ਸਮਝ ਲਿਆ ਹੈ ਉਹ ਹਰੀ ਦੇ ਜਨਾਂ ਦੀ ਸੰਗਤ ਨਾਨਕ ਨੂੰ ਭੀ ਮਿਲ ਜਾਵੇ।

*ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥*

*(ਅੰਗ ੧੦੩੨)*

ਇਸ ਲਈ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਜੋ ਗੁਰੂ ਵਾਲੇ ਬਣ ਕੇ ਨਾਮ ਨਹੀਂ ਜਪਦੇ ਮੈਂ ਉਨ੍ਹਾਂ ਦਾ ਦਰਸ਼ਨ ਨਹੀਂ ਕਰਨਾ ਚਾਹੁੰਦਾ।

*ਜੋ ਨ ਭਜੰਤੇ ਨਾਰਾਇਣਾ ॥*
*ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥*

*(ਅੰਗ ੧੧੬੩)*

ਸਾਡੀ ਦ੍ਰਿਸ਼ਟੀ ਵਿੱਚ ਸੂਰ ਹਰ ਸਮੇਂ ਗੰਦਗੀ ਵਿੱਚ ਰਹਿ ਕੇ ਪ੍ਰਸੰਨ ਹੁੰਦਾ ਹੈ। ਉਸਨੂੰ ਹਰ ਕੋਈ ਨਫਰਤ ਕਰਦਾ ਹੈ। ਪਰ ਭਗਤ ਦੀ ਦ੍ਰਿਸ਼ਟੀ ਨੇ ਉਸਦੇ ਵਿੱਚੋਂ ਵੀ ਗੁਣ ਲੱਭ ਲਿਆ ਤੇ ਕਿਹਾ ਰੱਬ ਨਾਲੋਂ ਟੁੱਟੇ ਬੰਦੇ ਨਾਲੋਂ ਸੂਰ ਚੰਗਾ ਹੈ ਜੋ ਪਿੰਡ ਦੀ ਗੰਦਗੀ ਖਾ ਕੇ ਉਸਦੀ ਸਫਾਈ ਕਰਦਾ ਹੈ।

*ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥*
*ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥੧੪੩॥*

*(ਅੰਗ ੧੩੭੨)*

ਕਬੀਰ ਜੀ ਕਹਿੰਦੇ ਹਨ ਕਿਸੇ ਨੇ ਸੋਨੇ ਦੇ ਕੁੰਡਲ (ਵਾਲੇ) ਪਾਏ ਹੋਣ। ਉਨ੍ਹਾਂ ਵਾਲਿਆਂ ਉੱਤੇ ਲਾਲ ਜੜੇ ਹੋਣ ਪਰ ਜੇ ਉਸਦੇ ਮਨ ਵਿੱਚ ਪਰਮਾਤਮਾ ਦਾ ਨਾਮ ਨਹੀਂ ਤਾਂ ਉਸਦੇ ਕੰਨ ਮੈਨੂੰ ਸੜੇ ਹੋਏ ਕਾਨਿਆਂ ਵਰਗੇ ਲੱਗਦੇ ਹਨ।

*ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥*
*ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥੪॥*

*(ਅੰਗ ੧੩੬੪)*

ਜਿਸ ਪਰਮਾਤਮਾ ਨੇ ਇਸ ਦੇਹੀ ਨੂੰ ਸਿਰਜਿਆ ਹੈ ਜੇ ਅੰਦਰ ਉਸਦਾ ਨਾਮ ਨਹੀ ਤਾਂ ਇਹ ਸੁੰਦਰ ਦੇਹੀ ਭੂਤਾਂ ਪ੍ਰੇਤਾਂ ਤੋਂ ਵੀ ਬੁਰੀ ਹੈ।

*ਪਸੂ ਪਰੇਤ ਮੁਗਧ ਤੇ ਬੁਰੀ ॥*
*ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥*

*(ਅੰਗ ੬੯੦)*

ਮਨੁੱਖਾ ਜਨਮ ਵਿੱਚ ਆ ਕੇ ਨਾਮ ਨਾ ਜਪਣ ਵਾਲੇ ਅਪਰਾਧੀ ਦੀ ਹਾਲਤ ਬੜੀ ਭੈੜੀ ਹੁੰਦੀ ਹੈ। ਜਮਾਂ ਦੇ ਦਰ ਵਿੱਚ ਬਧੇ ਹੋਏ ਨੂੰ ਸਜ਼ਾਵਾਂ ਮਿਲਦੀਆਂ ਹਨ। ਇਨ੍ਹਾਂ ਤੋਂ ਪੀੜਤ ਹੋ ਕੇ ਉਹ ਦੋਸ਼ੀ ਕੀਰਨੇ ਪਾਉਂਦਾ ਹੈ ਤੇ ਪੀੜਾਂ ਨਾਲ ਹਾਏ-ਹਾਏ ਕਰਦਾ ਹੈ। ਜਿਵੇਂ ਮੱਛੀ ਕੁੰਡੀ ਵਿੱਚ ਪਰੋਤੀ ਹੋਈ ਤੜਫਦੀ ਹੈ।

*ਜਮ ਦਰਿ ਬਾਧੇ ਮਿਲਹਿ ਸਜਾਈ ॥*
*ਤਿਸੁ ਅਪਰਾਧੀ ਗਤਿ ਨਹੀ ਕਾਈ ॥*
*ਕਰਣ ਪਲਾਵ ਕਰੇ ਬਿਲਲਾਵੈ*
*ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥*

*(ਅੰਗ ੧੦੩੧)*

ਇੱਕ ਕੁੱਤਾ ਸੰਤਾਂ ਮਹਾਂਪੁਰਖਾਂ ਦੇ ਡੇਰੇ ਰਹਿੰਦਾ ਸੀ ਅਤੇ ਖਾ-ਖਾ ਕੇ ਕਾਫੀ ਮੋਟਾ ਹੋ ਗਿਆ। ਇੱਕ ਵਾਰ ਉਹ ਕਿਸੀ ਕਾਰਣ ਪਿੰਡ ਵਿੱਚ ਚਲਾ ਗਿਆ। ਉਸਨੂੰ ਪਿੰਡ ਦੇ ਕੁੱਤਿਆਂ ਦੇ ਖੂਬ ਕੱਟਿਆ। ਇੰਨਾ ਕੱਟਿਆ ਕਿ ਉਹ ਤੁਰਨ ਯੋਗ ਨਾ ਰਿਹਾ। ਉਹ ਲੜਖੜਾਉਂਦਾ-ਲੜਖੜਾਉਂਦਾ ਅਤੇ ਤੜਫਦਾ ਇੱਕ ਟੋਏ ਵਿੱਚ ਡਿੱਗ ਪਿਆ। ਜਦੋਂ ਸੱਤ ਦਿਨ ਤੜਫਦੇ ਨੂੰ ਹੋ ਗਏ, ਉਸਦੇ ਜੀਣ ਦੀ ਕੋਈ ਆਸ਼ਾ ਨਾ ਰਹੀ।

ਇੱਕ ਨਿਹੰਗ ਸਿੰਘ ਨੂੰ ਬੜਾ ਤਰਸ ਆਇਆ। ਉਸਨੇ ਮਹਾਂਪੁਰਖਾਂ ਦੇ ਡੇਰੇ ਜਾ ਕੇ ਬੇਨਤੀ ਕੀਤੀ ਕਿ ਇੱਥੋਂ ਦਾ ਕੁੱਤਾ ਬਹੁਤ ਦੁੱਖੀ ਤੜਫ ਰਿਹਾ ਹੈ। ਉਸ ਦੇ ਪ੍ਰਾਣ ਨਹੀਂ ਨਿਕਲਦੇ। ਮਹਾਂਪੁਰਖਾਂ ਨੇ ਕਿਹਾ ਕਿ "ਜਿਹੜਾ ਕੋਈ ਡੇਰੇ ਦਾ ਧਨ ਖਾ ਕੇ ਭਜਨ ਅਤੇ ਵਾਹਿਗੁਰੂ ਦਾ ਨਾਮ ਸਿਮਰਨ ਨਹੀਂ ਕਰਦਾ, ਵੇਹਲੜੀਆਂ ਹੀ ਛਕਦਾ ਹੈ। ਉਹ ਜ਼ਰੂਰੀ ਹੈ ਕਿ ਬਹੁਤ ਦੁੱਖੀ ਹੁੰਦਾ ਹੈ।" ਇਹ ਪੂਜਾ ਦਾ ਧਨ ਤਾਂ ਲੋਹਾ ਅਤੇ

ਪਾਰਾ ਹੈ ਇਸ ਨੂੰ ਵਾਹਿਗੁਰੂ ਦਾ ਨਾਮ ਹੀ ਪਚਾ ਸਕਦਾ ਹੈ।

ਫਿਰ ਮਹਾਂਪੁਰਖਾਂ ਨੇ ਤਰਸ ਕਰਕੇ ਜਲ ਦਾ ਗੜਵਾ ਪ੍ਰੇਮੀ ਨੂੰ ਦਿੱਤਾ ਤੇ ਕਿਹਾ ਸਤਿਨਾਮ ਵਾਹਿਗੁਰੂ ਕਰਦਾ ਜਾਈਂ ਅਤੇ ਇਹ ਜਲ ਕੁੱਤੇ ਦੇ ਮੂੰਹ ਵਿੱਚ ਪਾ ਦੇਵੀਂ। ਉਸਨੇ ਇਸੀ ਤਰ੍ਹਾਂ ਕੀਤਾ ਜਿਸ ਨਾਲ ਕੁੱਤੇ ਨੇ ਪ੍ਰਾਣ ਤਿਆਗ ਦਿੱਤੇ।

ਸਾਨੂੰ ਵੀ ਮਨੁੱਖਾ ਜਨਮ ਮਿਲਿਆ ਹੈ ਨਾਮ ਜਪਣ ਵਾਸਤੇ ਜੇ ਇਹ ਦੁਰਲੱਭ ਜਨਮ ਪਾ ਕੇ ਵੀ ਖਾਲੀ ਚਲੇ ਗਏ ਤਾਂ ਇਹ ਸਰੀਰ ਸੂਰ ਅਤੇ ਕੂਕਰ ਦਾ ਹੀ ਸਮਝਿਆ ਜਾਵੇਗਾ।

*ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥*
*ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥*

*(ਅੰਗ ੧੪੨੮)*

ਇੱਕ ਬੰਦਾ ਰੋ ਰਿਹਾ ਸੀ ਕਿਸੇ ਫਕੀਰ ਨੇ ਪੁੱਛਿਆ ਬਈ ਕੀ ਹੋਇਆ? ਤਾਂ ਉਸਨੇ ਉੱਤਰ ਦਿੱਤਾ ਮੇਰੇ 24 ਰੁਪਏ ਗੁਆਚ ਗਏ ਹਨ। ਫਕੀਰ ਨੇ ਕਿਹਾ, "24 ਰੁਪਏ ਵਾਸਤੇ ਰੋ ਰਿਹਾ ਏ। ਹਰ ਰੋਜ਼ 24 ਹਜ਼ਾਰ ਸੁਵਾਸ ਗਵਾਚਦੇ ਨੇ ਤੇ ਤੂੰ ਕਦੀ ਨਹੀਂ ਰੋਇਆ।"

ਅਸੀਂ ਰੋਜ਼ੀ ਰੋਟੀ ਵਾਸਤੇ ਕਿਰਤ ਕਰਨੀ ਹੈ ਕਿ ਸਰੀਰ ਨੂੰ ਚਲਾ ਸਕੀਏ ਤੇ ਸਰੀਰ ਨੂੰ ਕਾਇਮ ਰੱਖਣਾ ਹੈ, ਨਾਮ ਜਪਣ ਵਾਸਤੇ ਨਾ ਕਿ ਫਿਰ ਦੁਬਾਰਾ ਖਾਣ ਵਾਸਤੇ। ਪਰ ਜਿਹੜੇ ਮਨੁੱਖ ਰੱਬ ਦਾ ਦਿੱਤਾ ਖਾਈ, ਪਹਿਨੀ ਜਾ ਰਹੇ ਹਨ ਤੇ ਉਸਦਾ ਨਾਮ ਨਹੀਂ ਜਪਦੇ ਉਨ੍ਹਾਂ ਦੇ ਜੀਵਨ ਨੂੰ ਸੌ-ਸੌ ਫਿਟਕਾਰ ਪਾਈ ਹੈ।

*ਮਃ ੫ ॥*

*ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥*
*ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥੨॥*

*(ਅੰਗ ੫੨੩)*

ਮਨੁੱਖਾ ਜਨਮ ਦੀ ਵਾਰੀ ਜੁਗਾਂ-ਜੁਗੰਤਰਾਂ ਬਾਅਦ ਮਿਲਦੀ ਹੈ। ਜਿਹੜਾ ਇਸ ਜਨਮ ਵਿੱਚ ਵੀ ਦੁਨੀਆਂ ਦੇ ਰੰਗ ਤਮਾਸ਼ੇ ਵਿੱਚ ਲੱਗਾ ਰਿਹਾ ਉਸਨੂੰ ਸੱਪ ਦੀ ਜੂਨ ਜ਼ਰੂਰ ਮਿਲੇਗੀ।

*ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥*
*ਚਿਤਿ ਨ ਆਇਓ ਪਾਰਬ੍ਰਹਮੁ*
*ਤਾ ਸਰਪ ਕੀ ਜੂਨਿ ਗਇਆ ॥੬॥*

*(ਅੰਗ ੭੦)*

ਆਮ ਸੰਸਾਰੀ ਬੰਦਾ ਦੁਨੀਆਂ ਤੇ ਕਰਮਾਂ ਦਾ ਬੰਨਿਆ ਹੋਇਆ ਆਉਂਦਾ ਹੈ ਕੋਈ ਦੁਖ ਭੋਗਨ, ਕੋਈ ਸੁੱਖ ਭੋਗਨ, ਕੋਈ ਕਰਜ਼ਾ ਦੇਣ, ਕੋਈ ਕਰਜ਼ਾ ਲੈਣ ਆਉਂਦਾ ਹੈ। ਪਰ ਜਿਹੜਾ ਬੰਦਾ ਦੁਨੀਆਂ ਤੇ ਆ ਕੇ ਭਗਤੀ ਨਹੀਂ ਕਰਦਾ ਗੁਰਬਾਣੀ ਕਹਿੰਦੀ ਹੈ, ਐਹ! ਅਪਰਾਧੀਆ ਚੰਗਾ ਹੁੰਦਾ ਤੂੰ ਜੰਮਦਾ ਹੀ ਮਰ ਜਾਂਦਾ ਜਿਸਨੇ ਪ੍ਰਭੂ ਦਾ ਭਜਨ ਨਹੀਂ ਕੀਤਾ।

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥੧॥ ਰਹਾਉ ॥*

*(ਅੰਗ ੩੨੮)*

ਦੁਨਿਆਵੀਂ ਤੌਰ ਤੇ ਜੇ ਬੰਦੇ ਨੂੰ ਭੋਜਨ ਦੀ ਭੁੱਖ ਨਾ ਲੱਗੇ ਤਾਂ ਉਹ ਵੈਦ ਕੋਲ ਦਵਾਈ ਲੈਣ ਜਾਂਦਾ ਹੈ। ਇਸੇ ਤਰ੍ਹਾਂ ਜੇ ਸਾਨੂੰ ਨਾਮ ਦੀ ਭੁੱਖ ਨਹੀਂ ਲੱਗਦੀ ਤਾਂ ਵਾਹਿਗੁਰੂ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਮਨੁੱਖ ਨੂੰ ਅਕਾਲ ਪੁਰਖ ਦੇ ਦਰ ਤੇ ਮੰਗਤੇ ਦੇ ਰੂਪ ਵਿੱਚ ਖੜ੍ਹਾ ਕੀਤਾ ਹੈ। ਪਹਿਲਾਂ ਆਪ ਉਸਦੇ ਦਰ ਤੋਂ ਖੈਰ ਮੰਗੀ ਹੈ।

*ਕਰਤਾ ਤੂ ਮੇਰਾ ਜਜਮਾਨੁ ॥*
*ਇਕ ਦਖਿਣਾ ਹਉ ਤੈ ਪਹਿ ਮਾਗਉ*
*ਦੇਹਿ ਆਪਣਾ ਨਾਮੁ ॥੧॥ ਰਹਾਉ ॥*

*(ਅੰਗ ੧੩੨੯)*

ਜੋ ਕਿਸੇ ਦੇ ਉਪਕਾਰ ਨੂੰ ਭੁਲਾ ਦੇਵੇ ਉਸਨੂੰ ਅਕ੍ਰਿਤਘਣ ਕਹਿੰਦੇ ਹਨ। ਜੇ ਅਸੀਂ ਵੀ ਪ੍ਰਭੂ ਦਾ ਦਿੱਤਾ ਖਾਈ ਜਾ ਰਹੇ ਹਾਂ ਤੇ ਸ਼ੁਕਰਾਨਾ ਨਹੀਂ ਕਰਦੇ ਤਾਂ ਅਕ੍ਰਿਤਘਣ ਬਣ ਜਾਵਾਂਗੇ ਤੇ ਜੂਨਾਂ ਵਿੱਚ ਭਟਕਦੇ

ਫਿਰਾਂਗੇ।

*ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥੪॥*
*(ਅੰਗ ੭੦੬)*

*ਸਲੋਕ ਮ: ੫ ॥*
*ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥*
*(ਅੰਗ ੩੧੫)*

ਇੱਕ ਮਹਾਤਮਾ ਸਰੀਰ ਤਿਆਗਣ ਲੱਗੇ। ਉਸ ਸਮੇਂ ਉਨ੍ਹਾਂ ਦੇ ਸੇਵਕਾਂ ਨੇ ਕਿਹਾ ਕੋਈ ਸ਼ੁਭ ਉਪਦੇਸ਼ ਬਖਸ਼ੋ। ਤਾਂ ਮਹਾਤਮਾ ਨੇ ਕਿਹਾ ਸਾਡੇ ਸੁਆਸ ਥੋੜ੍ਹੇ ਹੀ ਬਾਕੀ ਹਨ। ਆਪਣੇ ਪਾਸ ਧਨ ਬਹੁਤ ਹੈ ਬਜ਼ਾਰ ਵਿੱਚੋਂ ਕੁਝ ਸਵਾਸ ਮੁੱਲ ਲੈ ਆਓ, ਜਿਸ ਕਰਕੇ ਚੰਗੀ ਤਰ੍ਹਾਂ ਉਪਦੇਸ਼ ਦੇ ਸਕੀਏ, ਭੋਲੇ-ਭਾਲੇ ਚੇਲੇ ਧਨ ਦੀਆਂ ਥੈਲੀਆਂ ਲੈ ਕੇ ਸਾਰਾ ਸ਼ਹਿਰ ਘੁੰਮ ਆਏ। ਵਾਪਸ ਆ ਕੇ ਬੇਨਤੀ ਕੀਤੀ ਕਿ ਸਾਰਾ ਧਨ ਖਰਚਣ ਤੇ ਇੱਕ ਵੀ ਸੁਆਸ ਮੁੱਲ ਨਹੀਂ ਮਿਲਿਆ। ਆਪ ਕ੍ਰਿਪਾ ਕਰੋ। ਜਿੰਨਾ ਕੁ ਸਮਾਂ ਹੈ ਇੰਨੇ ਵਿੱਚ ਹੀ ਉਪਦੇਸ਼ ਦਿਓ। ਪਰਉਪਕਾਰੀ ਮਹਾਤਮਾ ਕਹਿਣ ਲੱਗੇ, ਗੁਰਮੁਖੋ! ਬੱਸ ਇਹੀ ਉਪਦੇਸ਼ ਹੈ ਕਿ ਮਨੁੱਖਾ ਜਨਮ ਤੇ ਸੁਆਸ ਪਰਮੇਸ਼ਰ ਦੀ ਬਖਸ਼ੀ ਹੋਈ ਬੜੀ ਅਮੋਲਕ ਦਾਤ ਹੈ। ਇਨ੍ਹਾਂ ਦੇ ਨਾਲ ਸਾਧ ਸੰਗਤ ਦੀ ਸੇਵਾ, ਪਰਉਪਕਾਰ, ਸੁਆਸ-ਸੁਆਸ ਸਿਮਰਨ ਕਰਕੇ ਸਫਲੇ ਕਰੋ।

*ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ*
*ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥*
*(ਅੰਗ ੫੪੦)*

ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਚਾਹੁੰਦੇ ਹਨ ਪਰ ਸੁਧਾਰਨਾ ਨਹੀਂ ਚਾਹੁੰਦੇ। ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜੀਉਂਦੇ ਹਾਂ ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਉਂਦੇ ਹਾਂ। ਵੱਡੇ ਅਸੀਸ ਦਿੰਦੇ ਹਨ ਕਿ ਵੱਡੀ-ਵੱਡੀ ਉਮਰ ਹੋਵੇ ਪਰ ਇਹ ਨਹੀਂ ਕਹਿੰਦੇ ਤੇਰੀ ਉਮਰ ਸਫਲ ਹੋਵੇ। ਜੋ ਆਦਮੀ ਨਾਮ ਨਹੀਂ ਜਪਦੇ ਉਹ ਫਿਰ ਜ਼ਿੰਦਗੀ ਦੇ ਅਖੀਰ ਤੱਕ ਕੋਈ ਨ ਕੋਈ ਦੁਖ ਰੋਂਦੇ ਹੀ ਰਹਿੰਦੇ ਹਨ।

*ਮਨਮੁਖੁ ਮੁਆ ਅਪੁਨਾ ਜਨਮੁ ਖੋਇ ॥*
*ਹਰਿ ਨਾਮੁ ਨ ਚੇਤਹਿ ਅੰਤਿ ਦੁਖੁ ਰੋਇ ॥*
*(ਅੰਗ ੧੪੧੮)*

ਧੰਨ ਗੁਰੂ ਨਾਨਕ ਪਾਤਸ਼ਾਹ ਜੀ ਕਹਿੰਦੇ ਹਨ ਜਦੋਂ ਸੂਰਜ ਚੜ੍ਹਦਾ ਹੈ ਤਾਂ ਸਾਰਿਆਂ ਦੀ ਉਮਰ ਦਾ ਇੱਕ ਦਿਨ ਘੱਟ ਜਾਂਦਾ ਹੈ। ਜਿਨ੍ਹਾਂ ਦਾ ਚੜ੍ਹਿਆ ਨਵਾਂ ਦਿਨ ਦੁਨੀਆਂ ਦੇ ਭੋਗ ਪਦਾਰਥਾਂ ਨਾਲ ਜੁੜਦਾ ਹੈ। ਉਹ ਹਰ ਰੋਜ਼ ਜ਼ਿੰਦਗੀ ਦੀ ਬਾਜ਼ੀ ਹਾਰ ਰਹੇ ਹਨ। ਜਿਹੜੇ ਦਿਨ ਚੜ੍ਹਦਿਆਂ ਨਿਤਨੇਮ ਨਾਲ ਜੁੜਦੇ ਹਨ, ਪ੍ਰਭੂ ਸਿਮਰਨ ਕਰਦੇ ਹਨ। ਉਨ੍ਹਾਂ ਲਈ ਚੜ੍ਹਿਆ ਦਿਨ ਜੀਵਨ ਦੀ ਬਾਜੀ ਜਿੱਤਣ ਵਾਲਾ ਹੁੰਦਾ ਹੈ।

*ਮ: ੧ ॥*
*ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥*
*ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥*
*(ਅੰਗ ੧੨੪੪)*

ਕਈ ਲੋਕ ਮਰਦੇ ਹਨ ਤਾਂ ਉਨ੍ਹਾਂ ਦੀ ਮੜ੍ਹੀ ਬਣਾਈ ਜਾਂਦੀ ਹੈ। ਪਰ ਗੁਰੂ ਸਾਹਿਬ ਜੀ ਕਹਿੰਦੇ ਹਨ, ਜਿਹੜੇ ਪ੍ਰਭੂ ਨਾਮ ਤੋਂ ਸਖਣੇ ਸਰੀਰ ਹਨ ਉਹ ਮੁਰਦਾ ਮੜ੍ਹੀ ਹੀ ਜਾਣੋ।

*ਇਹੁ ਮਿਰਤਕੁ ਮੜਾ ਸਰੀਰੁ ਹੈ*
*ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥*
*(ਅੰਗ ੧੧੯੧)*

ਇੱਕ ਨਰਾਇਣ ਦਾਸ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਧੰਦਿਆਂ ਵਿੱਚ ਐਸੇ ਫਸੇ ਹਾਂ ਕਿ ਨਾਮ ਜਪਣ ਦਾ ਸਮਾਂ ਹੀ ਨਹੀਂ ਮਿਲਦਾ। ਨੌਂਵੇਂ ਪਾਤਸ਼ਾਹ ਜੀ ਨੇ ਪੁੱਛਿਆ, "ਕਿਰਤ ਕੀ ਕਰਦੇ ਹੋ?" ਉਸਨੇ ਦੱਸਿਆ, ਖੇਤੀ ਦੀ ਕਿਰਤ ਕਰਦਾ ਹਾਂ। ਬੱਚੇ ਆਲਸੀ ਹਨ ਸਾਰੇ ਕਾਰੋਬਾਰ ਦਾ ਧਿਆਨ ਮੈਂ ਹੀ ਰੱਖਦਾ ਹਾਂ ਤੇ ਖਲਾਰੇ ਬਹੁਤ ਵਧਾ ਲਏ ਹਨ।

*—ਬਾਕੀ ਹਿੱਸਾ ਪੰਨਾ 33 'ਤੇ ਪੜ੍ਹੋ ਜੀ*

# ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿੰਨੀ ਵਾਰ ਬਖਸ਼ਦੇ ਹਨ?

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (ਵੀ.ਸੀ.ਡੀ. 75)

*—ਜਸਵਿੰਦਰ ਸਿੰਘ*
*ਪਟਿਆਲਾ*

*ਗੂਜਰੀ ਮਹਲਾ ੫ ॥*
*ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥*
*ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥*
*ਠਾਕੁਰ ਹੋਏ ਆਪਿ ਦਇਆਲ ॥*
*ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ ॥੧॥ ਰਹਾਉ ॥*
*ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥*
*ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥*
*(ਅੰਗ ੪੯੯)*

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਜਿਨ੍ਹਾਂ ਦੇ ਦਰ ਤੋਂ ਅਨੇਕਾਂ ਜੀਵਾਂ ਦਾ ਪਾਰ ਉਤਾਰਾ ਹੋਇਆ ਹੈ, ਹੋ ਰਿਹਾ ਹੈ ਤੇ ਹੁੰਦਾ ਰਹੇਗਾ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜਿਨ੍ਹਾਂ ਦੇ ਦਰ ਤੋਂ ਅਨੇਕਾਂ ਜੀਵਾਂ ਦੀਆਂ ਝੋਲੀਆਂ ਭਰੀਆਂ ਹਨ, ਭਰ ਰਹੀਆਂ ਹਨ ਤੇ ਸਦਾ ਹੀ ਭਰਦੀਆਂ ਰਹਿਣਗੀਆਂ। ਅਸੀਂ, ਤੁਸੀਂ ਇੱਕ ਦੁਨਿਆਵੀਂ ਜੀਵ ਹਾਂ। ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਕਿੰਨੇ ਵੱਡੇ ਹੋਣਗੇ? ਅਸੀਂ, ਤੁਸੀਂ ਤਾਂ ਦੁਨਿਆਵੀਂ ਜੀਵ ਹਾਂ।

ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਬਚਨ, ਧੰਨ ਸ੍ਰੀ ਗੁਰੂ ਰਾਮਦਾਸ ਜੀ ਬਾਰੇ। ਵਿਆਹ ਬੱਚੀ ਦਾ ਕੀਤਾ ਤੇ ਕਹਿੰਦੇ, ਇਹ ਜੇਠੇ ਦਾ ਇੱਕ ਕਰਜ਼ਾ ਲਾਹਿਆ ਹੈ। ਦੋ ਕਰਜ਼ੇ ਹਾਲੇ ਹੋਰ ਲਾਹੁਣੇ ਹਨ। ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ, ਇਸ ਜੇਠੇ ਦੇ ਮੈਂ ਪਿਛਲੇ ਤਿੰਨ ਕਰਜ਼ੇ ਦੇਣੇ ਹਨ। ਇੱਕ ਕਰਜ਼ਾ ਬੱਚੀ, ਦੂਸਰਾ ਕਰਜ਼ਾ ਗੁਰਗੱਦੀ ਦੀ ਬਖਸ਼ਿਸ਼ ਤੇ ਤੀਜਾ ਕਰਜ਼ਾ ਸਾਢੇ ਛੇ ਸਾਲ ਦੇ ਕਰੀਬ ਆਪਣੀ ਉਮਰ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤੀ। ਇਸ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਵੀ ਲਿਖਿਆ ਹੈ :

*ਦਿਤਾ ਲਈਐ ਆਪਣਾ ਅਣਿਦਿਤਾ ਕਛੁ ਹਥਿ ਨ ਆਵੈ।*
*(ਵਾਰ: ੧, ਪਉੜੀ ੪੭)*

ਇਹ ਪੰਕਤੀਆਂ ਦਰਜ ਹਨ। ਤਿੰਨ ਕਰਜ਼ੇ ਦਿੱਤੇ। ਕਹਿੰਦੇ, ਮੈਂ ਪਿਛਲੇ ਦੇਣੇ ਸੀ। ਉਹ ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿੰਨੇ ਵੱਡੇ ਹਨ। ਧੰਨ ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ, ਮੈਂ ਇਸ ਦਾ ਕਰਜ਼ਾਈ ਹਾਂ। ਸੋਚ ਤੋਂ ਪਰ੍ਹੇ, ਕਲਮ ਤੋਂ ਪਰ੍ਹੇ, ਲਿਖਤ ਤੋਂ ਪਰ੍ਹੇ। ਉਹ ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿੰਨੇ ਵੱਡੇ ਹਨ। ਕਿਧਰੇ ਬਾਹਰ ਚਲੇ ਜਾਓ। ਕੋਈ ਪੁੱਛ ਹੀ ਲਵੇ, ਕਿੱਥੋਂ ਆਏ ਹੋ? ਇੰਨਾ ਹੀ ਕਹਿ ਦਿਓ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ,

ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਤੋਂ। ਭਾਵੇਂ ਕੋਈ ਪਾਪੀ ਬੰਦਾ ਵੀ ਹੋਵੇ ਤੇ ਬਾਹਰ ਜਾ ਕੇ ਇਹ ਕਹਿ ਦੇਵੇ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ, ਧੰਨ ਸ੍ਰੀ ਗੁਰੂ ਰਾਮਦਾਸ ਦੀ ਨਗਰੀ ਤੋਂ ਤੇ ਅਗਲੇ ਬੰਦੇ ਦਾ ਸਿਰ ਝੁੱਕ ਜਾਂਦਾ ਹੈ ਕਿ ਧੰਨ ਭਾਗ, ਅੱਜ ਗੁਰੂ ਦੀ ਨਗਰੀ ਵਾਲੇ ਦੇ ਦਰਸ਼ਨ ਹੋਏ ਹਨ। ਕਮਾਈ ਹੈ ਜਾਂ ਨਹੀਂ। ਬੰਦਗੀ ਹੈ ਜਾਂ ਨਹੀਂ। ਮਾਲਕ ਇੰਨਾ ਤਕੜਾ ਹੈ, ਮਾਲਕ ਇੰਨਾ ਵੱਡਾ ਹੈ। ਭਾਵੇਂ ਕੋਈ ਤੁਹਾਡੇ ਵਿੱਚੋਂ ਵੀ ਚਲਾ ਜਾਵੇ ਬਾਹਰ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਵਿੱਚ ਰਹਿਣ ਕਰਕੇ ਤੁਹਾਨੂੰ ਵੀ ਸਤਿਕਾਰ ਮਿਲ ਜਾਂਦਾ ਹੈ। ਸੋਚ ਤੋਂ ਪਰ੍ਹੇ, ਲਿਖਣ ਤੋਂ ਪਰ੍ਹੇ। ਹੁਣ ਸੋਚੋ ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿੰਨੇ ਵੱਡੇ ਹੋਣਗੇ?

ਬਾਬਾ ਨੰਦ ਸਿੰਘ ਜੀ ਮਹਾਰਾਜ ਦਾ ਇੱਕ ਰਾਗੀ, ਰਾਗੀ ਭਾਈ ਸੰਤਾ ਸਿੰਘ, ਜਿਨ੍ਹਾਂ ਨੂੰ ਫੁਲਬਹਿਰੀ ਦਾ ਰੋਗ ਹੋ ਗਿਆ ਹੈ, ਬਾਬਾ ਜੀ ਕਹਿੰਦੇ, ਲੁਧਿਆਣੇ ਡਾਕਟਰ ਤੋਂ ਦਵਾਈ ਲਿਆ। ਕੁਝ ਦਵਾਈ ਲਈ, ਕੋਈ ਅਰਾਮ ਨਹੀਂ। ਕਹਿੰਦੇ, ਫਿਰ ਜਗਰਾਵਾਂ ਡਾਕਟਰ, ਉਸ ਤੋਂ ਲੈ। ਫਿਰ ਕੁਝ ਦਿਨ ਦਵਾਈ ਲਈ, ਨਹੀਂ ਅਰਾਮ ਆਇਆ। ਕਹਿੰਦੇ, ਮੋਗੇ, ਇੱਕ ਡਾਕਟਰ ਉਸ ਤੋਂ ਦਵਾਈ ਲੈ ਆ। ਕੁਝ ਦਿਨ ਲਈ। ਨਹੀਂ ਅਰਾਮ। ਬਾਬਾ ਜੀ ਤੁਹਾਡੇ ਬਚਨ ਨਾਲ ਤਿੰਨ ਡਾਕਟਰ ਬਦਲ ਚੁੱਕਾ ਹਾਂ। ਰੋਗ ਰਾਜ਼ੀ ਨਹੀਂ ਹੋ ਰਿਹਾ ਤੇ ਬਾਬਾ ਨੰਦ ਸਿੰਘ ਜੀ ਅੰਦਰ ਕਿੰਨੀ ਸ਼ਰਧਾ ਹੋਵੇਗੀ, ਇਸ ਘਰ ਵਾਸਤੇ। ਬਾਬਾ ਜੀ ਕਹਿੰਦੇ, ਤਿੰਨ ਡਾਕਟਰ ਬਦਲ ਲਏ ਹਨ। ਫਿਰ ਇੰਝ ਕਰ, ਵੱਡੇ ਡਾਕਟਰ ਕੋਲ ਚਲਾ ਜਾ। ਜੀ, ਉਹ ਕਿਹੜਾ ਵੱਡਾ ਡਾਕਟਰ? ਕਹਿੰਦੇ, ਅੰਮ੍ਰਿਤਸਰ ਵਿੱਚ ਚਲਾ ਜਾ। ਸਭ ਤੋਂ ਵੱਡੇ ਡਾਕਟਰ ਕੋਲ, ਧੰਨ ਸ੍ਰੀ ਗੁਰੂ ਰਾਮਦਾਸ ਜੀ ਕੋਲ। ਤੇਰਾ ਰੋਗ ਕਰਮ ਰੋਗ ਹੈ। ਦਾਸ ਇਹ ਆਮ ਬੰਦੇ ਦੀ ਮਿਸਾਲ ਨਹੀਂ ਦੇ ਰਿਹਾ। ਅਸੀਂ, ਤੁਸੀਂ ਦੁਨਿਆਵੀ ਜੀਵ ਹਾਂ। ਬਾਬਾ ਨੰਦ ਸਿੰਘ ਜੀ, ਪੂਰਨ ਬ੍ਰਹਮ ਗਿਆਨੀ ਹਨ, ਜਿਨ੍ਹਾਂ ਦੇ ਇੱਕ-ਇੱਕ ਰੋਮ ਵਿੱਚ ਬੰਦਗੀ ਹੈ, ਜੋ ਨਾਮ ਰਸੀਏ ਹਨ। ਐਸੇ ਮਹਾਨ ਤਪੱਸਵੀ, ਬਾਬਾ ਨੰਦ ਸਿੰਘ ਜੀ ਦੀ ਆਪਣੀ ਕਿੰਨੀ ਕਮਾਈ ਪਰ ਵੇਖ ਲਓ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਪ੍ਰਤੀ ਕਿੰਨੀ ਸ਼ਰਧਾ।

ਕੁਝ ਸੰਗਤਾਂ ਸਾਲਾਨਾ ਪ੍ਰੋਗਰਾਮ ਤੇ ਆਈਆਂ ਹਨ, ਕੁਝ ਨਹੀਂ ਆ ਸਕੀਆਂ। ਜਿਹੜਾ ਸ਼ਨੀਵਾਰ ਰਾਤੀਂ ਹੋਇਆ ਹੈ, ਰਾਗ ਦਰਬਾਰ। ਉਸ ਵਿੱਚ ਇੱਕ ਬੀਬੀਆਂ ਦਾ ਜੱਥਾ ਸੀ, ਰਾਗਾਂ ਵਿੱਚ ਕੀਰਤਨ ਕੀਤਾ। ਬੀਬੀ ਆਸ਼ੂਪ੍ਰੀਤ ਕੌਰ, ਇੱਕ ਭਾਈ ਗੁਰਮੀਤ ਸਿੰਘ ਜੀ ਸ਼ਾਂਤ ਸੀ ਜਲੰਧਰ ਵਾਲੇ। ਇੱਕ ਉੱਥੇ ਤੁਹਾਡੇ ਅੰਮ੍ਰਿਤਸਰ ਦੇ ਸ਼੍ਰੋਮਣੀ ਰਾਗੀ ਸੀ, ਭਾਈ ਬਲਬੀਰ ਸਿੰਘ ਜੀ। ਇਹ ਭਾਈ ਬਲਬੀਰ ਸਿੰਘ ਜੀ ਰਾਗੀ ਜਿਨ੍ਹਾਂ ਨੂੰ ਸ਼੍ਰੋਮਣੀ ਐਵਾਰਡ ਮਿਲਿਆ ਹੈ, ਸ਼੍ਰੋਮਣੀ ਰਾਗੀ। ਇਹ ਆਪਣੀ ਅਸਲੀ ਗੱਲ ਸਟੇਜ ਤੇ ਦੱਸ ਕੇ ਗਏ। ਸ਼੍ਰੋਮਣੀ ਐਵਾਰਡ। ਰਾਗਾਂ ਦੀ ਕਿਰਪਾ। ਪਰ ਇਨ੍ਹਾਂ ਦਾ ਸ਼ਰਧਾ ਦਾ ਮੀਟਰ ਕਿੱਥੇ ਹੈ? ਕਹਿੰਦੇ, ਮੇਰੇ ਪਿਤਾ ਜੀ ਦੀ 28 ਸਾਲ ਦੀ ਉਮਰ ਤੇ ਕੀਰਤਨ ਕਰਦੇ ਸੀ। ਇੱਕ ਸਰੀਰ ਕਹਿੰਦਾ ਹੈ, ਬਾਬਾ ਨੰਦ ਸਿੰਘ ਜੀ ਆਏ ਹੋਏ ਨੇ। ਉੱਥੇ ਸ਼ਬਦ ਦੀ ਹਾਜ਼ਰੀ ਲਗਾ। ਆ ਚਲੀਏ। ਕਹਿੰਦੇ ਜਦੋਂ ਤੁਰ ਪਏ ਤੇ ਜਿਸ ਨੇ ਖੜ੍ਹਿਆ ਸੀ, ਉਹ ਕਹਿਣ ਲੱਗਾ ਕਿ ਬਾਬਾ ਨੰਦ ਸਿੰਘ ਜੀ ਦੀ ਹਾਜ਼ਰੀ ਲਗਾਉਣ ਚੱਲਿਆ ਹੈਂ, ਉੱਥੇ ਜਾ ਕੇ ਕੁਝ ਮੰਗਣਾ ਨਹੀਂ। ਇਹ ਰਾਗੀ ਭਾਈ ਬਲਬੀਰ ਸਿੰਘ ਜੀ ਦੇ ਆਪਣੇ ਪਿਤਾ ਜੀ ਪ੍ਰਤੀ ਸੁਣਾਏ ਬਚਨ ਸਨ। ਉਨ੍ਹਾਂ ਆਖਿਆ ਕਿ ਨਹੀਂ ਮੰਗਾਂਗਾ। ਤੁਹਾਨੂੰ ਪਤਾ ਹੈ, ਉੱਥੇ ਮਾਇਆ ਦਾ ਮਤਲਬ ਨਹੀਂ। ਕਹਿੰਦੇ, ਬਾਬਾ ਨੰਦ ਸਿੰਘ ਜੀ ਬੈਠੇ ਸੀ ਬੈਰਾਗਣ ਅਵਸਥਾ ਵਿੱਚ। ਇਹ ਰਾਗੀ ਭਾਈ ਬਲਬੀਰ ਸਿੰਘ ਜੀ ਦੇ ਪਿਤਾ ਜੀ, 28 ਸਾਲ ਦੀ ਉਮਰ ਤੇ ਸ਼ਬਦ ਪੜ੍ਹਦੇ ਪਏ। ਕੋਈ 12-14 ਮਿੰਟ ਲੰਘ ਗਏ ਹਨ ਕੀਰਤਨ ਹਾਜ਼ਰੀ ਲੱਗ ਰਹੀ ਹੈ। ਇਹ ਰਾਗੀ ਭਾਈ ਬਲਬੀਰ ਸਿੰਘ ਜੀ ਨੇ ਆਪ ਬਚਨ ਸੁਣਾਇਆ, ਸ਼ਨੀਵਾਰ ਰਾਤ। ਕਹਿੰਦੇ, ਮੇਰੇ ਪਿਤਾ ਜੀ ਦੇ ਮਨ ਵਿੱਚ ਫੁਰਨਾ ਬਣਿਆ ਕਿ ਜਿਹੜਾ ਲਿਆਇਆ

ਹੈ, ਉਸਨੇ ਕਿਹਾ ਹੈ ਕਿ ਕੁਝ ਮੰਗਣਾ ਨਹੀਂ। ਕਹਿੰਦੇ, ਬਾਬਾ ਨੰਦ ਸਿੰਘ ਜੀ, ਤੁਹਾਡੇ ਕੋਲੋਂ ਨਾ ਮੰਗੀਏ ਤੇ ਕਿੱਥੋਂ ਮੰਗੀਏ? ਵੇਖੋ! ਕੀਰਤਨ ਕਰਦੇ-ਕਰਦੇ ਫੁਰਨਾ ਹੀ ਬਣਿਆ ਤੇ ਕੀਰਤਨ ਕਰਦੇ-ਕਰਦੇ ਹੀ ਮਨ ਅੰਦਰ ਕਹਿੰਦੇ, ਬਾਬਾ ਜੀ ਤੁਹਾਡੇ ਕੋਲੋਂ ਨਾ ਮੰਗੀਏ ਤੇ ਅਸੀਂ ਕਿੱਥੇ ਜਾਈਏ। ਕੀਰਤਨ ਕਰਦੇ-ਕਰਦੇ ਫੁਰਨਾ ਬਣਿਆ ਕਿ ਇੱਕ ਤਾਂ ਮੇਰਾ ਵਿਆਹ ਨਹੀਂ ਹੋਇਆ। ਬਾਬਾ ਜੀ, ਮੇਰਾ ਵਿਆਹ ਕਰਵਾ ਦਿਓ। ਉਮਰ ਹੋ ਗਈ ਹੈ 28 ਸਾਲ। ਕੀਰਤਨ ਕਰਦੇ-ਕਰਦੇ ਜਿਹੜਾ ਲਿਆਇਆ ਹੈ, ਉਸ ਨੇ ਕਿਹਾ ਕੁਝ ਨਹੀਂ ਮੰਗਣਾ। ਕੀਰਤਨ ਕਰਦੇ-ਕਰਦੇ ਫੁਰਨਾ ਬਣਿਆ ਕਿ ਬਾਬਾ ਜੀ, ਇੱਕ ਮੇਰਾ ਵਿਆਹ ਹੋ ਜਾਵੇ। ਬਾਬਾ ਜੀ, ਅੱਜ ਮੈਂ ਹਾਜ਼ਰੀ ਭਰੀ ਹੈ ਤੁਹਾਡੇ ਕੋਲ। ਇੱਕ ਇਹੋ ਜਿਹੇ ਬੱਚੇ ਦੇ ਦਿਓ ਕਿ ਮੇਰੇ ਬੱਚੇ ਕੀਰਤਨੀਏ ਬਣਨ, ਕੀਰਤਨ ਕਰਨ ਵਾਲੇ। ਇੱਕ ਇਸ਼ਾਰਾ ਲੈਣਾ, ਬਾਬਾ ਨੰਦ ਸਿੰਘ ਜੀ ਦੀ ਕਿੰਨੀ ਕਮਾਈ ਹੋਵੇਗੀ ਪਰ ਇੱਕ ਇਸ਼ਾਰਾ ਲੈਣਾ ਕਿ ਕਮਾਈ ਇੰਨੀ ਹੁੰਦਿਆਂ ਵੀ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਪ੍ਰਤੀ ਅੰਦਰ ਕਿੰਨੀ ਸ਼ਰਧਾ ਹੈ। ਇਹ ਕਹਿੰਦੇ, ਮੇਰੇ ਪਿਤਾ ਜੀ ਦਾ ਫੁਰਨਾ ਬਣਿਆ ਹੈ। ਕੀਰਤਨ ਕਰ ਰਹੇ ਹਨ। ਅੰਦਰ ਫੁਰਨਾ ਕਈ ਵਾਰ ਬਣ ਜਾਂਦਾ ਹੈ। ਧਿਆਨ ਫੁਰਨੇ ਵਿੱਚ ਚਲਾ ਜਾਂਦਾ ਹੈ। ਕੀਰਤਨ ਦੀ ਅਵਾਜ਼ ਆ ਰਹੀ ਹੈ, ਬੋਲ ਰਹੇ ਹਨ ਪਰ ਅੰਦਰ ਫੁਰਨਾ ਬਣ ਰਿਹਾ ਹੈ ਕਿ ਇੱਕ ਮੇਰਾ ਵਿਆਹ ਹੋ ਜਾਵੇ। ਇੱਕ ਬੱਚੇ ਮੈਨੂੰ ਇਹੋ ਜਿਹੇ ਮਿਲ ਜਾਣ ਕਿ ਉਹ ਕੀਰਤਨੀਏ ਹੋਣ। ਕਹਿੰਦੇ ਕਿ ਬਾਬਾ ਜੀ ਨੇ ਹੱਥ ਦੇ ਕੇ ਕੀਰਤਨ ਰੁਕਵਾ ਦਿੱਤਾ। ਬਾਬਾ ਜੀ ਜਿਹੜਾ ਲੈ ਕੇ ਆਇਆ ਸੀ ਉਸਨੂੰ ਕਹਿੰਦੇ ਕਿ ਰਸ ਤਾਂ ਬੜਾ ਆ ਰਿਹਾ ਹੈ ਪਰ ਜਿਸ ਨੂੰ ਵਾਜੇ ਤੇ ਬਿਠਾਇਆ ਈ, ਇਹ ਤਾਂ ਕੁਝ ਮੰਗਦਾ ਪਿਆ ਹੈ। ਇੰਨੀ ਕਮਾਈ ਬਾਬਾ ਜੀ ਦੀ। ਫੁਰਨਾ ਪਹਿਚਾਨ ਲਿਆ। ਫੁਰਨਾ ਪੜ੍ਹ ਲਿਆ। ਇਹ ਵੱਖਰੀ ਗੱਲ ਹੈ। ਕੋਈ ਘਰ ਤਿੰਨ ਮੰਜ਼ਿਲਾ ਹੈ। ਅਸੀਂ ਉਤਲੀ ਮੰਜ਼ਿਲ ਤੇ ਗਏ ਹੀ ਨਹੀਂ, ਸਾਨੂੰ ਨਹੀਂ ਪਤਾ ਉੱਥੇ ਕੀ ਪਿਆ ਹੈ। ਜਿਨ੍ਹਾਂ ਦਾ ਜਪ-ਜਪ ਕੇ ਮਨ ਦਾ ਸ਼ੀਸ਼ਾ ਸਾਫ ਹੋ ਜਾਵੇ, ਉਹ ਅੰਦਰ ਦਾ ਫੁਰਨਾ ਪੜ੍ਹ ਲੈਂਦੇ ਹਨ ਕਿ ਇਹ ਕਿੱਥੇ ਖੜ੍ਹਾ ਹੈ। ਬਾਬਾ ਜੀ ਕਹਿੰਦੇ, ਭਾਈ ਜੀ, ਜਿਹੜਾ ਨਾਲ ਲੈ ਕੇ ਆਇਆ ਹੈ, ਇਹ ਤਾਂ ਕੁਝ ਮੰਗਦਾ ਪਿਆ ਹੈ। ਉਹ ਕਹਿਣ ਲੱਗਾ ਕਿ ਇਹ ਤਾਂ ਸ਼ਬਦ ਪੜ੍ਹ ਰਹੇ ਹਨ ਤੇ ਅਸੀਂ ਸੁਣ ਰਹੇ ਹਾਂ। ਮੰਗਿਆ ਤਾਂ ਕੁਝ ਵੀ ਨਹੀਂ। ਬਾਬਾ ਨੰਦ ਸਿੰਘ ਜੀ ਕਹਿੰਦੇ, ਇਸ ਦਾ ਅੰਦਰ ਮੰਗ ਰਿਹਾ ਹੈ। ਫਿਰ ਮੌਜ 'ਚ ਆ ਗਏ, ਖੁਸ਼ੀ ਵਿੱਚ ਕਹਿ ਦਿੱਤਾ ਮੁੱਖ ਤੋਂ ਬਾਬਾ ਨੰਦ ਸਿੰਘ ਜੀ ਨੇ :

*ਰਾਮ ਬਣਾਈ ਜੋੜੀ, ਅੱਗੋਂ ਜੋੜੀਆਂ*
*ਨਾਲੇ ਵੱਜਣਗੇ ਵਾਜੇ ਤੇ ਨਾਲੇ ਵੱਜਣਗੀਆਂ ਜੋੜੀਆਂ।*

ਧਿਆਨ ਦੇਣਾ। ਜੋ ਮੰਗਦਾ ਪਿਆ ਹੈ। ਬਾਬਾ ਜੀ ਨੇ ਬਚਨ ਕੀਤਾ, ਮੰਗਿਆ ਵੀ ਇਹੋ ਕਿ ਮੇਰਾ ਵਿਆਹ ਹੋ ਜਾਵੇ ਤੇ ਬੱਚੇ ਮੇਰੇ ਇਹੋ ਜਿਹੇ ਹੋਣ, ਕੀਰਤਨੀਏ।

ਇਹ ਉਨ੍ਹਾਂ ਆਪ ਬਚਨ ਸੁਣਾਇਆ, ਭਾਈ ਬਲਬੀਰ ਸਿੰਘ ਜੀ ਨੇ, ਸ਼੍ਰੋਮਣੀ ਰਾਗੀ। ਕਹਿੰਦੇ, ਇਹ ਬਚਨ ਕੀ ਸੀ, ਰਾਮ ਬਣਾਈ ਜੋੜੀ। ਵਿਆਹ ਵੀ ਹੋਵੇਗਾ। ਨਾਲੇ ਵਜਣਗੇ ਵਾਜੇ ਨਾਲੇ ਵਜੇਗੀ ਜੋੜੀ। ਬਾਬਾ ਜੀ ਨੇ ਫੁਰਨਾ ਪੜ੍ਹ ਕੇ ਜੋ ਉਸ ਸਮੇਂ ਕਹਿੰਦੇ, ਅਸੀਂ ਹੁਣ ਬਚਨ ਕੀਤਾ। ਕਹਿੰਦੇ ਕਿ ਦੋ ਮਹੀਨੇ ਬਾਅਦ ਮੇਰੇ ਪਿਤਾ ਜੀ ਦਾ ਵਿਆਹ ਹੋ ਗਿਆ। ਕਹਿੰਦੇ ਅਸੀਂ ਹੁਣ ਚਾਰ ਭਰਾ ਹਾਂ ਤੇ ਅਸੀਂ ਦੋ-ਦੋ ਜੋੜੇ ਹੋਏ ਹਾਂ। ਬਾਬਾ ਜੀ ਨੇ ਜੋ ਬਚਨ ਕੀਤਾ।

ਦੋ-ਦੋ ਜੋੜੇ ਤੇ ਚਾਰੇ ਭਰਾ ਵਾਜਾ ਵੀ ਵਜਾ ਲੈਂਦੇ ਹਾਂ, ਚਾਰੇ ਭਰਾ ਤਬਲਾ ਵੀ ਵਜਾ ਲੈਂਦੇ ਹਾਂ, ਚਾਰੇ ਭਰਾ ਦਿਲਰੁਬਾ ਵੀ ਵਜਾ ਲੈਂਦੇ ਹਾਂ, ਚਾਰੇ ਭਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਵੀ ਹਾਂ, ਚਾਰੇ ਭਰਾ ਸ੍ਰੀ ਦਸਮ ਗ੍ਰੰਥ ਜੀ ਦੇ ਵੀ ਪਾਠੀ ਹਾਂ। ਕਹਿੰਦੇ, ਕਮਾਈ ਵਾਲੇ ਇੱਕ ਮਹਾਂਪੁਰਸ਼ ਦਾ ਫੁਰਨਾ ਭੋਲੇ-ਭਾਅ ਨਿਕਲਿਆ ਤੇ ਰੱਬ ਨੇ ਕਿਵੇਂ ਪੂਰਾ ਕੀਤਾ? ਅੰਦਾਜ਼ਾ ਲਗਾਓ। ਫੁਰਨਾ

ਪੜ੍ਹ ਲਿਆ ਤੇ ਵਿਆਹ ਦਾ ਬਚਨ ਵੀ ਕਰ ਦਿੱਤਾ, ਬੱਚਿਆਂ ਦਾ ਬਚਨ ਵੀ ਕਰ ਦਿੱਤਾ ਤੇ ਇਹ ਵੀ ਬਚਨ ਕਰ ਦਿੱਤਾ ਜੋ ਮੰਗਿਆ ਕਿ ਬੱਚੇ ਕੀਰਤਨ ਕਰਨਗੇ। ਵੇਖੋ ! ਉਹ ਬਾਬਾ ਨੰਦ ਸਿੰਘ ਜੀ ਪਰ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਪ੍ਰਤੀ ਕਿੰਨੀ ਸ਼ਰਧਾ। ਕਹਿੰਦੇ, ਰਾਗੀ ਸੰਤਾ ਸਿੰਘ ਨੂੰ ਕਿ ਕਰਮ ਰੋਗ ਲੱਗਦਾ ਹੈ। ਤਿੰਨ ਡਾਕਟਰ ਬਦਲਾ ਲਏ ਹਨ। ਜਾ, ਵੱਡੇ ਡਾਕਟਰ ਕੋਲ ਚਲਾ ਜਾ, ਧੰਨ ਸ੍ਰੀ ਗੁਰੂ ਰਾਮਦਾਸ ਜੀ ਕੋਲ, ਸ੍ਰੀ ਅੰਮ੍ਰਿਤਸਰ ਵਿੱਚ। ਮੰਗਤਾ ਬਣ ਕੇ ਜਾਈਂ। ਫੁਲਬਹਿਰੀ ਦਾ ਰੋਗ ਸੀ, ਬੜਾ ਭੈੜਾ ਰੋਗ। ਬਾਬਾ ਜੀ ਕਹਿੰਦੇ, ਟਿੰਡ ਲੈ ਕੇ ਜਾਣੀ ਹੈ, ਜੋਗੀਆਂ ਵਾਲੀ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਅੱਠ ਘੰਟੇ, ਸਾਰੀ ਦਿਹਾੜੀ ਪਰਕਰਮਾ ਵਿਚੋਂ ਉਸ ਟਿੰਡ ਵਿੱਚ ਕਬੂਤਰਾਂ ਦੀਆਂ ਬਿੱਠਾਂ ਇਕੱਠੀਆਂ ਕਰਨੀਆਂ ਹਨ ਤੇ ਪਰਕਰਮਾ ਵਿੱਚ ਸੇਵਾ ਕਰਨੀ। ਚਾਲੀ ਦਿਨ ਹਾਜ਼ਰੀ ਭਰਨੀ ਹੈ ਤੇ ਗਲ ਵਿੱਚ ਪੱਲਾ ਪਾ ਕੇ ਕਹਿਣਾ ਹੈ, ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਕਿਰਪਾ ਕਰੋ। ਇਹ ਰੋਗ ਰਾਜ਼ੀ ਹੋ ਜਾਵੇ। ਵੇਖੋ ! ਇੱਕ ਬ੍ਰਹਮ ਗਿਆਨੀ ਦੀ ਨਜ਼ਰ ਵਿੱਚ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਘਰ ਕਿੰਨਾ ਵੱਡਾ ਹੈ। ਜਿਹੜਾ ਰੋਗ ਕਿਤੋਂ ਰਾਜ਼ੀ ਨਾ ਹੋਵੇ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਕੋਈ ਜੁਗਤੀ ਨਾਲ, ਨਿਮਰਤਾ ਨਾਲ ਢਹਿ ਪਵੇ, ਇੱਥੋਂ ਖਾਲੀ ਨਹੀਂ ਜਾਂਦਾ।

ਸੰਤ ਬਾਬਾ ਜਮੀਅਤ ਸਿੰਘ ਜੀ। ਉਨ੍ਹਾਂ ਦੀ ਨਜ਼ਰ ਵਿੱਚ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਦਰ ਕਿੰਨਾ ਵੱਡਾ, 101 ਵੱਡੀਆਂ ਪਰਕਰਮਾ ਰੋਜ਼ ਕਰਦੇ ਸੀ। ਛੋਟੀਆਂ ਦੀ ਗਿਣਤੀ ਕਿੰਨੀ, ਕੋਈ ਪਤਾ ਨਹੀਂ। ਵੱਡੀਆਂ 101 ਰੋਜ਼। ਸ਼ਰਧਾ ਹੀ ਸਭ ਕੁਝ ਹੈ।

ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿਤਨੀ ਅਪਰੰਪਾਰ ਮਹਿਮਾ ਹੈ ਤੁਹਾਡੀ। ਅਸੀਂ ਕੀ ਜਾਣਨੀ ਹੈ, ਕੋਈ ਪੁੱਛੇ ਸੰਤ ਬਾਬਾ ਜੈਮਲ ਸਿੰਘ ਜੀ ਭੂਰੀ ਵਾਲਿਆਂ ਨੂੰ। ਅੱਜ ਕੱਲ੍ਹ ਤਾਂ ਇਸ਼ਨਾਨ ਕਰੋ ਸਰੋਵਰ ਦੇ ਨਾਲ ਕਛਹਿਰਾ ਨਿਚੋੜਣ ਲਈ ਨਾਲੀ ਬਣੀ ਹੈ। ਪਾਣੀ ਆਪੇ ਅੱਗੇ ਨਾਲੀ ਵਿੱਚ ਚਲਾ ਜਾਂਦਾ ਹੈ। ਪਹਿਲਾਂ ਨਾਲੀ ਨਹੀਂ ਹੁੰਦੀ ਸੀ, ਪਾਣੀ ਇੱਕ ਥਾਂ ਇਕੱਠਾ ਹੋ ਜਾਂਦਾ ਸੀ। ਸਾਰਾ ਦਿਨ ਸੇਵਕਾਂ ਨੂੰ ਨਾਲ ਲੈ ਕੇ ਕਾਲੇ ਰੰਗ ਦਾ ਚੋਲਾ ਪਾਇਆ ਹੋਣਾ। ਇਹ ਆਪ ਦਾਸ ਅੱਖੀਂ ਵੇਖਦਾ ਰਿਹਾ ਹੈ। ਭੂਰੀ ਵਾਲੇ ਮਹਾਂਪੁਰਸ਼ ਬਾਬਾ ਜੈਮਲ ਸਿੰਘ ਜੀ। ਸੇਵਕ ਨਾਲ ਹੋਣੇ ਤੇ ਉਹ ਕਛਹਿਰਿਆਂ ਦਾ ਜੂਠਾ ਜਲ ਬਾਲਟੀ ਵਿੱਚ ਪਾਉਣਾ ਬੁੱਕਾਂ ਨਾਲ ਤੇ ਬਾਹਰ ਸੁੱਟਣ ਜਾਣਾ। ਸਾਰਾ ਦਿਨ ਪਰਕਰਮਾ ਦੀ ਸੇਵਾ। ਇੱਕ ਮਾਈ ਦੇ ਬੱਚੇ ਨੇ ਪੋਟੀ ਵੀ ਕਰ ਦਿੱਤੀ ਤੇ ਮਹਾਂਪੁਰਸ਼ ਬਾਬਾ ਜੈਮਲ ਸਿੰਘ ਜੀ ਆਪ ਅੱਗੇ ਹੋ ਗਏ। ਸੇਵਕ ਕਹਿਣ ਲੱਗਾ, ਇਹ ਕੀ ਕਰਨ ਲੱਗੇ ਹੋ? ਕਹਿਣ ਲੱਗੇ, ਤੁਹਾਨੂੰ ਕਹਾਂਗਾ ਸਫਾਈ ਕਰਨ ਲਈ ਤੇ ਤੁਹਾਡੇ ਮਨ ਵਿੱਚ ਕਿਰਕ ਆਏਗੀ। ਧਿਆਨ ਦੇਣਾ। ਸਾਰੀ ਦਿਹਾੜੀ ਪਰਕਰਮਾ ਦੀ ਸੇਵਾ ਤੇ ਫਿਰ ਇੱਕ ਬਚਨ ਕਰਦੇ ਸੀ। ਕਹਿੰਦੇ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਹੱਥੀਂ ਸੇਵਾ ਕਰਨੀ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਦੀ ਸੇਵਾ ਕਰਨੀ, ਇਹ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਸਰੀਰ ਦੀ ਸੇਵਾ ਹੈ। ਇੱਕ ਸ਼ਰਧਾ ਦਾ ਕਿਨਕਾ ਵੀ ਆਪ ਜੀ ਲੈ ਗਏ, ਇਸ ਪਰਿਵਾਰ ਵੱਲੋਂ, ਇਸ ਇਲਾਕੇ ਵੱਲੋਂ ਗੁਰਪੁਰਬ ਮਨਾਇਆ ਸਫਲਾ ਹੋ ਜਾਏਗਾ। ਕਹੋ ਪਿਆਰ ਨਾਲ, ਧੰਨ ਸ੍ਰੀ ਗੁਰੂ ਰਾਮਦਾਸ ਜੀ ਤੁਸੀਂ ਕੌਣ ਹੋ?

*ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥*

*(ਅੰਗ ੪੯੯)*

ਭਾਈ ਵੀਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਤੋਂ ਅੰਮ੍ਰਿਤ ਵੇਲੇ ਦੀ ਹਾਜ਼ਰੀ ਭਰ ਕੇ ਵਾਪਸ ਆ ਰਹੇ ਹਨ, ਲਾਰੰਸ ਰੋਡ, ਆਪਣੀ ਕੁਟੀਆ ਵਿੱਚ ਵਾਪਸ। ਇਹ ਉਦੋਂ ਭਾਈ ਵੀਰ ਸਿੰਘ ਹਾਲ ਨਹੀਂ ਸੀ ਹੁੰਦਾ। ਜਿਹੜੀ ਮਗਰ ਕੁਟੀਆ ਬਣੀ ਹੈ, ਉਹ ਹੁੰਦੀ ਸੀ। ਲਾਰੰਸ ਰੋਡ ਤੇ ਇੱਕ ਬੜਾ ਵੱਡਾ ਕਿਸੇ ਧਰਮ ਵੱਲੋਂ ਇੱਕ ਸਮਾਗਮ ਹੋ ਰਿਹਾ ਸੀ। ਭਾਈ ਵੀਰ ਸਿੰਘ ਕੋਲੋਂ ਲੰਘ ਰਹੇ ਸੀ।

ਉਹ ਜਿਹੜਾ ਸਮਾਗਮ ਹੋ ਰਿਹਾ ਸੀ, ਉਸ ਵਿੱਚ ਜੋ ਬੁਲਾਰਾ ਬੋਲ ਰਿਹਾ ਸੀ, ਉਸ ਦੇ ਲਫਜ਼ ਸੀ ਕਿ ਸਾਡੇ ਧਰਮ ਵਿੱਚ ਸਾਡੇ ਮੁਰਸ਼ਦ ਪੰਜ ਵਾਰੀ ਬਖਸ਼ ਦਿੰਦੇ ਹਨ। ਜੇਕਰ ਛੇਵੀਂ ਵਾਰੀ ਕਰੋ ਤੇ ਫੇਰ ਨਹੀਂ ਬਖਸ਼ਦੇ ਤੇ ਦੂਸਰੇ ਧਰਮ ਦਾ ਪਿਆਦਾ ਬੋਲਿਆ ਉਹ ਕਹਿਣ ਲੱਗਾ, ਸਾਡੇ ਧਰਮ ਵਾਲੇ ਸੱਤ ਵਾਰੀ ਬਖਸ਼ ਦਿੰਦੇ ਹਨ ਜੇਕਰ ਅੱਠਵੀਂ ਵਾਰੀ ਗਲਤੀ ਹੋ ਜਾਵੇ ਤੇ ਉਸਦੇ ਲਈ ਫਿਰ ਸਾਡੇ ਧਰਮ ਵਿੱਚ ਕੋਈ ਜਗ੍ਹਾ ਨਹੀਂ। ਕੋਲੋਂ ਲੰਘ ਰਹੇ ਸੀ ਭਾਈ ਵੀਰ ਸਿੰਘ ਜੀ ਤੇ ਭਾਈ ਵੀਰ ਸਿੰਘ ਜੀ ਦੇ ਕਦਮ ਰੁੱਕ ਗਏ। ਭਾਈ ਵੀਰ ਸਿੰਘ ਜੀ ਸਮਾਗਮ ਦੇ ਅੰਦਰ ਚੱਲੇ ਗਏ ਤੇ ਪ੍ਰਬੰਧਕਾਂ ਨੂੰ ਬੜੀ ਨਿਰਮਾਣਤਾ ਨਾਲ, ਨਿਮਾਣੇ ਹੋ ਕੇ ਕਹਿਣ ਲੱਗੇ, ਦੋ ਮਿੰਟ ਦਾ ਸਮਾਂ ਦਿਓਗੇ। ਜਿਨ੍ਹਾਂ ਵੱਲੋਂ ਸਮਾਗਮ ਹੋ ਰਿਹਾ ਸੀ ਤੇ ਦੋ ਮਿੰਟ ਸਮਾਂ ਦਿੱਤਾ ਤੇ ਭਾਈ ਵੀਰ ਸਿੰਘ ਜੀ ਨੇ ਕੋਈ ਤਲਖੀ ਨਾਲ ਨਹੀਂ, ਬੜੇ ਵੈਰਾਗ ਵਿੱਚ, ਕਹਿਣ ਲੱਗੇ, ਚੰਗੇ ਸਾਰੇ ਹਨ। ਜਿਹੜਾ ਜਿਸ ਜਗ੍ਹਾ ਜੁੜਿਆ ਹੈ, ਸ਼ੁਕਰ ਹੈ, ਜੁੜੇ। ਭਾਈ ਵੀਰ ਸਿੰਘ ਜੀ ਕਹਿੰਦੇ, ਚੰਗੇ ਸਾਰੇ ਪਰ ਮੈਂ ਇੱਕ ਵੇਰਵਾ ਦੇਣਾ ਚਾਹੁੰਦਾ ਹਾਂ। ਉਹ ਕੀ ਵੇਰਵਾ? ਕਿ ਤੁਸੀਂ ਕਹਿੰਦੇ ਹੋ, ਕਿਸੇ ਦਾ ਮੁਰਸ਼ਦ ਪੰਜ ਵਾਰੀ ਬਖਸ਼ ਦਿੰਦਾ ਹੈ ਤੇ ਕਿਸੇ ਦਾ ਸੱਤ ਵਾਰੀ ਬਖਸ਼ਦਾ ਹੈ। ਭਾਈ ਵੀਰ ਸਿੰਘ ਜੀ ਕਹਿੰਦੇ, ਸਿਰਫ ਮੈਂ ਇਤਨੀ ਬੇਨਤੀ ਕਰਨੀ ਚਾਹੁੰਦਾ ਹਾਂ ਜਿਸ ਦੀ ਨਗਰੀ ਵਿੱਚ ਤੁਸੀਂ ਪ੍ਰੋਗਰਾਮ ਕਰ ਰਹੇ ਹੋ, ਜਿਸ ਦੀ ਵਸਾਈ ਨਗਰੀ ਵਿੱਚ ਪ੍ਰੋਗਰਾਮ ਕਰ ਰਹੇ ਹੋ, ਉਸ ਦੇ ਬਖਸ਼ਣ ਦੀ ਗਿਣਤੀ ਕੋਈ ਹੈ ਹੀ ਨਹੀਂ। ਕਿਸੇ ਨੇ ਪੁੱਛਿਆ ਕਿ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਕਿੰਨੀ ਵਾਰ ਬਖਸ਼ਦੇ ਹਨ? ਕਹਿੰਦੇ, ਗਿਣਤੀ ਕੋਈ ਨਹੀਂ। ਕਹਿੰਦੇ, ਇਹ ਕਿਉਂ? ਤੇ ਨਾਮ ਦੇ ਰੰਗ ਵਿੱਚ ਭਿੱਜੇ ਹੋਏ ਕਹਿਣ ਲੱਗੇ, ਉਨ੍ਹਾਂ ਦਾ ਨਾਂ ਹੀ ਬਖਸ਼ਣਹਾਰ ਹੈ। ਗਿਣਤੀ ਕਿਵੇਂ ਲਿਖਾਂ। ਵੇਖ ਲਓ, ਅੰਮ੍ਰਿਤ ਛਕ ਲਓ, ਨਿਤਨੇਮ ਰਹਿ ਜਾਵੇ। ਕਹਿੰਦੇ ਕਿ ਕੁਰਹਿਤ ਨਹੀਂ, ਭੁੱਲ ਹੈ। ਇਸ ਦੀ ਆਪੇ ਸਜ਼ਾ ਲੈ ਲੈ। ਕਿਰਪਾਨ ਡਿੱਗ ਪਈ, ਘੰਟੇ ਦੋ ਘੰਟੇ ਲਈ, ਕੰਘਾ ਡਿੱਗ ਪਿਆ ਹੈ, ਇਹ ਕੁਰਹਿਤ ਨਹੀਂ, ਇਹ ਭੁੱਲ ਹੈ। ਇਸ ਦੀ ਸਜ਼ਾ ਆਪੇ ਲਗਾ ਲੈ। ਵੈਸੇ ਤਾਂ ਧਿਆਨ ਰੱਖ ਇਹ ਨਾ ਹੋਵੇ। ਕਹਿੰਦੇ ਜੇ ਕੁਰਹਿਤਾਂ ਹਨ, ਉਨ੍ਹਾਂ ਚਾਰਾਂ ਕੁਰਹਿਤਾਂ ਵਿੱਚੋਂ ਕੋਈ ਕੁਰਹਿਤ ਹੋ ਗਈ, ਮਤ ਤੇ ਪੜ੍ਹਦਾ ਪੈ ਗਿਆ ਲੇਕਿਨ ਪੰਜ ਪਿਆਰੇ ਇਹ ਨਹੀਂ ਕਹਿੰਦੇ ਕਿ ਅਗਾਂਹ ਤੇਰੇ ਲਈ ਕੋਈ ਜਗ੍ਹਾ ਹੀ ਨਹੀਂ ਹੈ।

*ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥*

*(ਅੰਗ ੪੯੯)*

ਕੈਸਾ ਘਰ ਹੈ। ਪਰ੍ਹੇ ਤੋਂ ਪਰ੍ਹੇ, ਹੇ ਗਰੀਬ ਨਿਵਾਜ ! ਧੰਨ ਸ੍ਰੀ ਗੁਰੂ ਰਾਮਦਾਸ ਜੀ, ਤੁਹਾਡੇ ਦਰ ਤੇ ਅਗਰ ਕਿਸੇ ਕੋਲੋਂ ਕਈ ਤਰ੍ਹਾਂ ਦੀਆਂ ਗਲਤੀਆਂ ਹੋਈਆਂ ਹੋਣ ਅਗਰ ਢਹਿ ਪਿਆ ਹੈ ਤੁਹਾਡੇ ਚਰਨਾਂ ਵਿੱਚ ਤੁਸੀਂ ਉਸ ਨੂੰ ਵੀ ਬੁੱਕਲ ਵਿੱਚ ਲੈ ਲਿਆ ਹੈ। ਇਹ ਘਰ ਕਿਹੜਾ ਹੈ :

*ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥*

*(ਅੰਗ ੪੯੯)*

ਅਖੀਰਲੀ ਬੇਨਤੀ ਹੈ, ਸੰਗਤ ਨੂੰ। ਕਿਸੇ ਦੇ ਮਨ ਦਾ ਫੁਰਨਾ ਬਣੇ। ਮੈਂ ਵੀ ਬੜੇ ਚਿਰ ਤੋਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਜਾਂਦਾ ਹਾਂ, ਇਹ ਕਿਰਪਾ ਤਾਂ ਹੋਈ ਨਹੀਂ। ਇਹ ਸਭ ਨੂੰ ਬੇਨਤੀ ਹੈ। ਜਦੋਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਜਾਣਾ ਹੈ, ਮੰਗਤੇ ਬਣ ਕੇ। ਸਾਡੇ ਜਾਣ ਵਿੱਚ ਕਮੀ ਨਾ ਹੋਵੇ। ਜੇ ਜੋੜਿਆਂ ਦੀ ਲਾਈਨ ਲੱਗੀ ਹੈ ਤੇ ਨਿਮਾਣੇ ਹੋ ਕੇ ਖਲੋ ਜਾ। ਕੜਾਹ ਪ੍ਰਸ਼ਾਦਿ ਦੀ ਲਾਈਨ ਲੱਗੀ ਹੈ ਤੇ ਨਿਮਾਣਾ ਹੋ ਕੇ ਖਲੋ ਜਾ। ਇਹ ਨਾ ਸੋਚ ਕਿਧਰੋਂ ਦੀ ਅੱਗੇ ਲੰਘ ਜਾਵਾਂ। ਜੇ ਅੱਜ ਦਰਸ਼ਨ ਕਰਨ ਜਾ ਰਿਹਾ ਹੈ ਤੇ ਹੱਦੋਂ ਵੱਧ ਮਜਬੂਰੀ। ਕਿਤੇ ਸਾਲ ਵਿੱਚ ਇੱਕ ਦੋ ਵਾਰੀ। ਕੋਸ਼ਿਸ਼ ਕਰ ਜਿਹੜਾ ਪੁਲ ਬਣਿਆ ਹੈ, ਜਿੰਨੀ ਮਰਜ਼ੀ ਭੀੜ ਹੈ, ਸਿੱਧੇ ਰਸਤੇ ਜਾ। ਗਰੀਬ ਮੰਗਤਾ ਬਣ ਕੇ ਜਾ। ਧੰਨ ਸ੍ਰੀ ਗੁਰੂ ਰਾਮਦਾਸ ਜੀ, ਮੈਂ ਜਿੰਨਾ ਚਿਰ ਖੜ੍ਹਾ ਰਹਾਂਗਾ,

ਪਤਾ ਨਹੀਂ ਕਿੰਨੇ ਪਾਪ ਤੁਹਾਨੂੰ ਧੋਣੇ ਪੈਣਗੇ।

*ਅਬਿਚਲ ਨੀਵ ਧਰੀ ਗੁਰ ਨਾਨਕ*
*ਨਿਤ ਨਿਤ ਚੜੈ ਸਵਾਈ ॥੨॥੧੫॥੨੪॥*

*(ਅੰਗ ੫੦੦)*

ਕਿਤੇ ਮੱਸਿਆ, ਸੰਗਰਾਂਦ ਹੋਵੇ, ਵਿਸਾਖੀ ਸੀ, ਪੁਲ ਭਰਦਾ ਸੀ, ਅੱਧਾ। ਅੱਜ ਦਾਸ ਨੇ ਜਾਣਾ ਸੀ, ਦਰਸ਼ਨ ਕਰਨ। ਦਾਸ ਘਰੋਂ ਦੁਪਹਿਰੀਂ ਨਿਕਲਿਆ ਕਿ ਪੁਲ ਥੋੜ੍ਹਾ ਖਾਲੀ ਹੋਵੇਗਾ। ਇਹ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿ ਰਿਹਾ ਹੈ। ਇੱਕ ਵਜਿਆ ਸੀ। ਆਮ ਦਿਨ ਸੀ। ਕੋਈ ਦਿਹਾੜਾ ਨਹੀਂ, ਕੋਈ ਖਾਸ ਦਿਨ ਨਹੀਂ। ਦਾਸ ਜਦੋਂ ਅਜੇ ਪਹੁੰਚਿਆ, ਗੱਡੀ ਲਗਾ ਰਹੇ ਸੀ ਤੇ ਇਹੋ ਸੋਚਿਆ ਸੀ ਕਿ 10-12 ਮਿੰਟ ਵਿੱਚ ਵਾਪਸੀ ਹੋ ਜਾਣੀ ਹੈ ਕਿ ਦੁਪਹਿਰ ਵੇਲੇ ਕਿਹੜਾ ਸੰਗਤ ਜ਼ਿਆਦਾ ਹੋਣੀ ਹੈ ਪਰ ਜਦੋਂ ਦਾਸ ਅੰਦਰ ਪਹੁੰਚਿਆ ਤੇ ਦੇਖਿਆ ਪੌਣਾ ਪੁੱਲ ਭਰਿਆ ਤੇ ਮੇਰੀਆਂ ਅੱਖਾਂ ਵਿੱਚ ਅੱਥਰੂ ਤੇ ਦਾਸ ਨੇ ਕਿਹਾ ਹੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ :

*ਅਬਿਚਲ ਨੀਵ ਧਰੀ ਗੁਰ ਨਾਨਕ*
*ਨਿਤ ਨਿਤ ਚੜੈ ਸਵਾਈ ॥੨॥੧੫॥੨੪॥*

*(ਅੰਗ ੫੦੦)*

ਕੋਈ ਦਿਹਾੜਾ ਨਹੀਂ, ਵਿਸਾਖੀ ਨਹੀਂ, ਦੀਵਾਲੀ ਨਹੀਂ, ਦੁਪਹਿਰ ਦਾ ਟਾਇਮ ਹੈ। ਪੌਣਾ ਪੁਲ ਭਰਿਆ ਹੈ। ਲਾਈਨ ਵਿੱਚ ਲੱਗ ਗਏ। ਪੌਣੇ ਘੰਟੇ ਬਾਅਦ ਅੰਦਰ ਪਹੁੰਚੇ ਪਰ ਇੰਨੀ ਸ਼ਾਂਤੀ ਮਿਲੀ, ਇੰਨੀ ਸ਼ਾਂਤੀ ਮਿਲੀ ਗਰੀਬ ਮੰਗਤਾ ਬਣ ਕੇ ਜਾਈਏ ਤੇ ਫਿਰ ਉਹ ਕਦੇ ਨਹੀਂ ਕਹੇਗਾ ਕਿ ਮੇਰੀ ਝੋਲੀ ਨਹੀਂ ਭਰੀ। ਅੰਦਰ ਬੈਠਣ ਲੱਗਿਆਂ ਜਾਣ ਲੱਗਿਆਂ, ਕੋਈ ਸੇਵਾ ਕਰਨ ਲੱਗਿਆਂ, ਇੰਨਾ ਧਿਆਨ ਰੱਖ ਕਿ ਤੇਰੀ ਰਸਨਾ ਤੋਂ ਨਿਕਲੇ ਲਫਜ਼ ਨਾਲ ਕਿਸੇ ਦਾ ਹਿਰਦਾ ਨਾ ਟੁੱਟ ਜਾਵੇ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਨਿਮਾਣੇ, ਨਿਤਾਣੇ ਬਣ ਕੇ ਜਾਈਏ, ਮੰਗਤੇ ਬਣ ਕੇ ਜਾਈਏ ਤੇ ਫਿਰ ਉਸ ਸਰੀਰ ਦੀਆਂ ਝੋਲੀਆਂ ਭਰ ਕੇ ਸਤਿਗੁਰੂ ਤੋਰਦੇ ਹਨ। ਆਓ, ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

*ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥*

*(ਅੰਗ ੪੯੯)*

❁❁❁

---

*ਪੰਨਾ 27 ਦਾ ਬਾਕੀ ਹਿੱਸਾ—*

ਸਤਿਗੁਰੂ ਜੀ ਕਹਿੰਦੇ, "ਤੂੰ ਮਿਹਨਤ ਨਾਲ ਘਰ ਬਣਾਇਆ ਹੈ।" ਬੱਚੇ ਜਵਾਨ ਕੀਤੇ ਹਨ, ਉਨ੍ਹਾਂ ਦੇ ਵਿਆਹ ਕੀਤੇ ਹਨ। ਹੁਣ ਸਾਰੀ ਜ਼ਿੰਮੇਵਾਰੀ ਉਨ੍ਹਾਂ ਉੱਤੇ ਸੁੱਟ ਦੇਣੀ ਚਾਹੀਦੀ ਹੈ। ਹੁਣ ਤੈਨੂੰ ਘਰ ਦੇ ਖਲਾਰਿਆਂ ਤੋਂ ਉੱਪਰ ਉੱਠ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ।

ਗੁਰਬਾਣੀ ਵੀ ਇਸ ਬਾਰੇ ਸੋਝੀ ਬਖਸ਼ਦੀ ਹੈ ਕਿ ਜੋ ਦੁਨੀਆਂ ਤੇ ਆ ਕੇ ਫਾਲਤੂ ਦੇ ਖਲੇਰੇ ਵਧਾਈ ਜਾਂਦਾ ਹੈ ਪਰ ਜਿਹੜੇ ਕੰਮ ਵਾਸਤੇ ਮਨੁੱਖਾ ਜਨਮ ਮਿਲਿਆ ਸੀ ਉਹ ਨਹੀਂ ਕੀਤਾ ਤਾਂ ਉਸਨੂੰ ਜਮਪੁਰੀ ਵਿੱਚ ਬੰਨ ਕੇ ਇਸ ਤਰ੍ਹਾਂ ਕੁੱਟਿਆ ਜਾਂਦਾ ਹੈ ਕਿ ਜਿਵੇਂ ਕੋਈ ਚੋਰ ਕਿਸੇ ਦੇ ਘਰ ਸੰਨ੍ਹ ਲਾਉਂਦਾ ਹੈ ਅਤੇ ਮੌਕੇ ਤੇ ਫੜਿਆ ਜਾਂਦਾ ਹੈ।

*ਸਲੋਕੁ ਮः ੩ ॥*
*ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥*
*ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥੧॥*

*(ਅੰਗ ੧੨੪੭)*

ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਜੇ ਕੋਈ ਮਨੁੱਖ ਕਰੋੜਾਂ ਵਰੇ ਭੀ ਜਿਉਂਦਾ ਰਹੇ ਤਾਂ ਭੀ ਉਸਦੀ ਸਾਰੀ ਉਮਰ ਵਿਅਰਥ ਜਾਂਦੀ ਹੈ। ਪਰ ਜੇ ਮਨੁੱਖ ਪ੍ਰਭੂ ਦਾ ਭਜਨ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਕਰੇ ਤਾਂ ਸਦਾ ਹੀ ਆਤਮਕ ਜੀਵਨ ਜੀਉਂਦਾ ਹੈ।

*ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥*
*ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ ॥੩॥*

*(ਅੰਗ ੧੨੦੪)*

*-ਚਲਦਾ*

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

## ਕਾਂਡ ਤੀਜਾ—

''ਚੰਦਰਮਾ ਦੀ ਰੌਸ਼ਨੀ ਐ, ਨਾਲੇ ਗੈਸ ਐ। ਬਿਜਲੀ ਕੀ ਕਰਨੀ ਐ!'' ਬਾਬਾ ਜੀ ਨੇ ਪੂਰਨ ਸਿੰਘ ਨੂੰ ਕਿਹਾ।

ਹੁਜਰੇ ਨਗਰ ਵਿਖੇ ਕੁਝ ਸਮਾਂ ਦੇ ਕੇ ਬਾਬਾ ਜੀ ਨਾਨਕਸਰ ਕਲੇਰਾਂ ਆ ਗਏ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਗੁਰਪੁਰਬ ਆ ਰਿਹਾ ਸੀ। ਪੂਰਨ ਸਿੰਘ ਚਾਹੁੰਦਾ ਸੀ ਕਿ ਪੂਰਨਮਾਸ਼ੀ ਦੀ ਰਾਤ ਨੂੰ ਬਿਜਲੀ ਲਾਉਣ ਦੀ ਸੇਵਾ ਕੀਤੀ ਜਾਵੇ। ਇਸ ਗੁਰਪੁਰਬ ਨੂੰ ਚੌਦਸ ਦੀ ਰਾਤ ਨੂੰ ਵੀ ਬਾਬਾ ਜੀ ਦੇ ਬਚਨਾਂ ਅਨੁਸਾਰ ਸਾਰੀ ਰਾਤ ਸੰਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰੇਮ ਵਿੱਚ ਜਾਗਦੀ ਅਤੇ ਗੁਰੂ ਸਾਹਿਬ ਦਾ ਜਸ ਗਾਉਂਦੀ, ਸਿਮਰਨ ਕਰਦੀ, ਪਾਠ ਕਰਦੀ। ਪੂਰਨਮਾਸ਼ੀ ਨੂੰ ਵੀ ਹਮੇਸ਼ਾਂ ਵਾਂਗ ਦੀਵਾਨ ਸੱਜਦਾ। ਇਹੋ ਕਾਰਨ ਸੀ ਕਿ ਪੂਰਨ ਸਿੰਘ ਪੂਰਨਮਾਸ਼ੀ ਦੀ ਰਾਤ ਨੂੰ ਬਿਜਲੀ ਲਾਉਣਾ ਚਾਹੁੰਦਾ ਸੀ, ਪਰ ਬਾਬਾ ਜੀ ਬਹੁਤੀ ਪ੍ਰਵਿਰਤੀ ਨਹੀਂ ਸਨ ਚਾਹੁੰਦੇ, ਫਿਰ ਚਾਨਣੀ ਦਾ ਪ੍ਰਕਾਸ਼ ਤਾਂ ਹੁੰਦਾ ਹੀ ਸੀ, ਇਸ ਗੁਰਪੁਰਬ ਨੂੰ ਦੀਪਮਾਲਾ ਵੀ ਕੀਤੀ ਜਾਂਦੀ ਸੀ।

ਪੂਰਨ ਸਿੰਘ ਮੋਗੇ ਰਿਹਾ ਕਰਦਾ। ਕੁਝ ਅਰਸਾ ਪਹਿਲਾਂ ਹੀ ਉਹ ਬਰਮਾ ਤੋਂ ਆਇਆ ਸੀ। ਬਾਬਾ ਜੀ ਲਈ ਉੱਥੋਂ ਇੱਕ ਗਲੀਚਾ ਲੈ ਕੇ ਆਇਆ ਸੀ। ਬਾਬਾ ਜੀ ਨੇ ਉਸਦੀ ਭਾਵਨਾ ਦੇਖਦਿਆਂ ਪ੍ਰਵਾਨ ਕਰ ਲਿਆ, ਹੁਣ ਸੇਵਾ ਦੀ ਭਾਵਨਾ ਨਾਲ ਉਹ ਬਿਜਲੀ ਲਾਉਣ ਦੀ ਬੇਨਤੀ ਲੈ ਕੇ ਆਇਆ ਸੀ। ਵਾਰ-ਵਾਰ ਬੇਨਤੀ ਕਰਨ ਤੇ ਬਾਬਾ ਜੀ ਨੇ ਇਜਾਜ਼ਤ ਦੇ ਦਿੱਤੀ। ਉਸ ਨਾਲ ਭਾਈ ਸ਼ੇਰ ਸਿੰਘ ਸਾਈਕਲਾਂ ਵਾਲਾ ਪਿੰਡ ਸੋਹੀਆਂ ਤੋਂ ਅਤੇ ਉਸਦੇ ਕੁਝ ਮਿੱਤਰ ਸਨ।

ਸ਼ੇਰ ਸਿੰਘ ਜੀ ਜਗਰਾਵੀਂ ਸਾਈਕਲਾਂ ਦੀ ਦੁਕਾਨ ਸੀ। ਉਸਦਾ ਤਾਇਆ ਨਰਾਇਣ ਸਿੰਘ ਬਾਬਾ ਜੀ ਪਾਸ ਆਇਆ ਕਰਦਾ। ਸ਼ੇਰ ਸਿੰਘ ਅਜੇ ਨਿਆਣਾ ਹੀ ਸੀ, ਜਦ ਤਾਏ ਨਾਲ ਨਾਨਕਸਰ ਆਉਣ ਲੱਗਾ। ਬਚਪਨ ਵਿੱਚ ਹੀ ਪ੍ਰਾਪਤ ਹੋਈ ਸਤਿਸੰਗਤ ਨੇ ਵੱਡੇ ਹੋਣ ਤੱਕ ਉਸ ਵਿੱਚ ਗੁਰਮੁੱਖਤਾਈ ਦੇ ਗੁਣ ਪੈਦਾ ਕਰ ਦਿੱਤੇ। ਹੁਣ ਤੱਕ ਉਹ ਸਤਿਸੰਗਤ ਦੇ ਸਿੱਖਿਆਲੇ ਵਿੱਚ ਪੜ੍ਹ ਰਿਹਾ ਸੀ।

*ਸਤਸੰਗਤਿ ਸਤਿਗੁਰ ਚਟਸਾਲ ਹੈ*
*ਜਿਤੁ ਹਰਿ ਗੁਣ ਸਿਖਾ ॥*

*(ਅੰਗ ੧੩੧੬)*

ਸੋਹੀਆਂ ਦੇ ਕੋਲ ਹੀ ਪਿੰਡ ਹੈ ਚੌਂਕੀਮਾਨ। ਇੱਥੋਂ ਦੇ ਹੀ ਵਸਨੀਕ ਇੰਦਰ ਸਿੰਘ ਜੱਸਲ ਸ਼ੇਰ ਸਿੰਘ ਦਾ ਜਾਣੂ ਸੀ। ਉਹ ਵੀ ਕੁਝ ਵਰ੍ਹੇ ਪਹਿਲਾਂ ਅਫਰੀਕਾ ਦਾ ਗੇੜਾ ਲਾ ਕੇ ਪਰਤਿਆ ਸੀ। ਸੁਭਾਗ ਨਾਲ ਇਹ ਵੀ ਨਾਨਕਸਰ ਕਲੇਰੀਂ ਆਉਣ ਲੱਗਾ।

ਇੱਕ ਦਿਨ ਇੰਦਰ ਸਿੰਘ ਆਪਣੇ ਪੁੱਤਰ ਬਚਿੰਤ

ਸਿੰਘ ਨਾਲ ਨਾਨਕਸਰ ਆ ਰਿਹਾ ਸੀ। ਰਾਹ ਵਿੱਚ ਪਤਾ ਲੱਗਾ ਕਿ ਬਾਬਾ ਜੀ ਕਿਰਪਾ ਰਾਮ ਦੇ ਬਾਗ ਵਿੱਚ ਆਏ ਹੋਏ ਹਨ। ਬਾਗ ਵਿੱਚ ਚਲੇ ਗਏ। ਉਸ ਵੇਲੇ ਬਾਬਾ ਜੀ ਪਾਸ ਸੇਵਾ ਵਿੱਚ ਹਰਚੰਦ ਸਿੰਘ ਹਾਜ਼ਰ ਸੀ। ਇੰਦਰ ਸਿੰਘ ਹੋਰਾਂ ਨੇ ਬਾਬਾ ਜੀ ਦੇ ਚਰਨਾਂ ਤੇ ਮੱਥਾ ਟੇਕਣਾ ਚਾਹਿਆ, ਪਰ ਹਰਚੰਦ ਸਿੰਘ ਨੇ ਜਿਵੇਂ ਉਸਨੂੰ ਬਾਬਾ ਜੀ ਦੀ ਹਦਾਇਤ ਸੀ, ਮੱਥਾ ਟੇਕਣੋਂ ਰੋਕ ਦਿੱਤਾ। ਬਾਬਾ ਜੀ ਨੇ ਉਨ੍ਹਾਂ ਨੂੰ ਪੁੱਛਿਆ, ''ਆਓ ਭਾਈ! ਕਿੱਥੋਂ ਆਏ ਹੋ?''

''ਜੀ ਮਾਨਾਂ ਤੋਂ..... ਘਰੋਂ ਹੀ ਆਏ ਹਾਂ।'' ਇੰਦਰ ਸਿੰਘ ਨੇ ਦੱਸਦੇ ਹੋਏ ਬਚਿੰਤ ਸਿੰਘ ਵੱਲ ਇਸ਼ਾਰਾ ਕੀਤਾ, ''ਆਪਣੇ ਕਾਕੇ ਨੇ ਵਰਕਸ਼ਾਪ ਲਾਉਣੀ ਐ। ਇੰਜਣ ਲੈਣ ਲਾਹੌਰ ਜਾਣਾ ਐ।''

''ਹੱਛਾ ਭਾਈ! ਕੀ ਕਰਦਾ ਐ?'' ਬਾਬਾ ਜੀ ਨੇ ਬਚਿੰਤ ਸਿੰਘ ਤੋਂ ਪੁੱਛਿਆ। ''ਜੀ ਲੋਹੇ ਦਾ ਕੰਮ ਕਰਦਾ ਆਂ।'' ਉਸਨੇ ਦੱਸਿਆ।

''ਭਾਈ ਵਰਕਸ਼ਾਪ ਗੁਰੂ ਨਾਨਕ ਮਹਾਰਾਜ ਜੀ ਦੀ ਸਮਝ ਕੇ ਕੰਮ ਕਰਨਾ ਐ ਤੇ ਮਾਪਿਆਂ ਦੀ ਸੇਵਾ ਕਰਨੀ ਐ।'' ''ਜੀ ਸਤਿਬਚਨ!''

ਥੋੜ੍ਹੇ ਦਿਨਾਂ ਬਾਅਦ ਬਚਿੰਤ ਸਿੰਘ ਲਾਹੌਰ ਗਿਆ ਤਾਂ ਘੱਟ ਮੁੱਲ 'ਤੇ ਚੰਗਾ ਇੰਜਣ ਮਿਲ ਗਿਆ। ਜਗਰਾਵੀਂ ਜਗ੍ਹਾ ਲੈ ਕੇ ਵਰਕਸ਼ਾਪ ਲਾ ਲਈ।

ਕੁਝ ਦਿਨਾਂ ਬਾਅਦ ਬਚਿੰਤ ਸਿੰਘ ਨਾਨਕਸਰ ਦਰਸ਼ਨਾਂ ਲਈ ਆ ਰਿਹਾ ਸੀ। ਰਾਹ ਵਿੱਚ ਸਿੱਧਵਾਂ ਦੇ ਰਾਹ ਉੱਤੇ ਅਲੀਗੜ੍ਹ ਦੀ ਢਾਬ 'ਤੇ ਪੋਨੇ ਦਾ ਭਾਈ ਸੁੱਚਾ ਸਿੰਘ ਅਤੇ ਭਾਈ ਸ਼ੇਰ ਸਿੰਘ ਮਿਲ ਗਏ। ਸੁੱਚਾ ਸਿੰਘ ਲੋਹੇ ਦਾ ਕੰਮ ਕਰਦਾ ਸੀ।

ਨਾਨਕਸਰ ਪਹੁੰਚੇ ਤਾਂ ਬਾਬਾ ਜੀ ਨੇ ਅੰਦਰ ਸੱਦ ਕੇ ਕਿਹਾ ਕਿ ਦੀਵਾਨ ਸਥਾਨ ਤੇ ਪਟਿਆਂ ਵਾਲੇ ਪੱਖੇ ਲਾਉਣੇ ਹਨ ਤੇ ਲਾਉਣੇ ਵੀ ਰਾਤੋ-ਰਾਤ।

''ਬਾਬਾ ਜੀ ਤੁਹਾਡੀ ਕਿਰਪਾ ਨਾਲ ਹੀ ਲੱਗਣੇ ਨੇ।'' ਨਿਮਰਤਾ ਨਾਲ ਆਖਦਿਆਂ ਤਿਆਰੀ ਸ਼ੁਰੂ ਕਰ ਦਿੱਤੀ। ਘਰ ਸਮਾਨ ਪਿਆ ਸੀ, ਲੈ ਆਏ। ਸਾਰੀ ਰਾਤ ਲੱਗੇ ਰਹੇ। ਸਵੇਰੇ ਤਿੰਨ ਵਜੇ ਤੱਕ ਪਟਿਆਂ ਵਾਲੇ ਪੱਖੇ ਤਿਆਰ ਸਨ।

ਜਦ ਬਾਬਾ ਜੀ ਨੇ ਪੱਖੇ ਦੇਖੇ ਤਾਂ ਬੜੇ ਪ੍ਰਸੰਨ ਹੋਏ। ਬਚਿੰਤ ਸਿੰਘ ਹੋਣੀ ਬਿਨਾਂ ਪਰਸ਼ਾਦਾ ਛਕੇ ਹੀ ਸਾਰੀ ਰਾਤ ਸੇਵਾ ਕਰਦੇ ਰਹੇ ਸਨ। ਭਾਈ (ਬਾਬਾ) ਈਸ਼ਰ ਸਿੰਘ ਜੀ ਨੇ ਕਿਹਾ ਵੀ, ਪਰ ਉਹ ਸੇਵਾ ਵਿੱਚ ਲੱਗੇ ਰਹੇ। ਬਾਬਾ ਜੀ ਨੇ ਭਾਈ (ਬਾਬਾ) ਈਸ਼ਰ ਸਿੰਘ ਜੀ ਨੂੰ ਉਨ੍ਹਾਂ ਨੂੰ ਪਰਸ਼ਾਦਾ ਛਕਾਉਣ ਦਾ ਬਚਨ ਕੀਤਾ। ਪਰਸ਼ਾਦਾ ਛਕਣ ਉਪਰੰਤ ਇਹ ਘਰਾਂ ਨੂੰ ਪਰਤ ਗਏ।

ਬਚਿੰਤ ਸਿੰਘ ਦੀ ਵਰਕਸ਼ਾਪ ਸਫਲਤਾ ਨਾਲ ਚੱਲ ਪਈ। ਕੰਮ ਵਿੱਚੋਂ ਸਮਾਂ ਕੱਢ ਕੇ ਦਰਸ਼ਨਾਂ ਲਈ ਆਇਆ ਕਰਦਾ। ਭਾਈ ਸ਼ੇਰ ਸਿੰਘ ਵੀ ਅਕਸਰ ਦਰਸ਼ਨਾਂ ਲਈ ਆਇਆ ਕਰਦਾ। ਮਨ ਵਿੱਚ ਸੇਵਾ ਦਾ ਚਾਓ ਸੀ। ਅੱਜ ਜਦ ਪੂਰਨ ਸਿੰਘ ਨਾਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸੁਭਾਗ ਸਮੇਂ ਤੋਂ ਬਿਜਲੀ ਲਾਉਣ ਦੀ ਸੇਵਾ ਦਾ ਸੁਭਾਗ ਮਿਲਿਆ ਸੀ, ਆਪਣੇ ਆਪ ਨੂੰ ਵਡਭਾਗੀ ਜਾਣ ਰਿਹਾ ਸੀ। ਪੂਰਨ ਸਿੰਘ ਅਤੇ ਸ਼ੇਰ ਸਿੰਘ ਆਪਣੇ ਹੋਰ ਸਾਥੀਆਂ ਨਾਲ ਬਿਜਲੀ ਲਾਉਣ ਦੇ ਇੰਤਜ਼ਾਮ ਵਿੱਚ ਲੱਗ ਗਏ।

*—ਚਲਦਾ*

# ਧੰਨ ਧੰਨ ਬਾਬਾ ਨੰਦ ਸਿੰਘ ਜੀ

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

**270** ਸੇਵਾ ਕਰਕੇ ਭਾਵੇਂ ਮੰਗੀਏ ਕੁਝ ਨਾ, ਪਰ ਫਿਰ ਵੀ ਗੁਰੂ ਘਰ ਤੋਂ ਮਿਲਦਾ ਸਭ ਕੁਝ ਹੈ।

**271** ਸਰੀਰ ਇੱਕ ਦੀਵਾ ਹੈ ਇਸ ਨੂੰ ਜਗਾਉਣ ਲਈ ਨਾਮ ਰੂਪੀ ਤੇਲ ਦੀ ਲੋੜ ਹੈ।

ਸੰਗ੍ਰਹਿ ਕਰਤਾ-
ਸੰਪਾਦਕ

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**104** ਕਿਸੇ ਵਿਤਕਰੇ ਬਿਨਾਂ ਗੁਰੂ ਕਾ ਸਿੱਖ ਸਭ ਦਾ ਭਲਾ ਮੰਗਦਾ ਹੈ।

**105** ਪੁਰਾਤਨ ਸਿੱਖ ਹਰ ਸਿੱਖ ਨੂੰ ਵੀਰ ਸਮਾਨ ਜਾਣ ਕੇ ਉਸਦੇ ਮੁੜਕੇ ਦੀ ਥਾਂ ਆਪਣਾ ਖੂਨ ਡੋਲ੍ਹਦੇ ਸੀ।

—ਭਾਈ ਅਮਰੀਕ ਸਿੰਘ ਗਨੈਸਕ

# ਪਰਖ ਤੇ ਪ੍ਰਪੱਕਤਾ

ਅੰਕ 135 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। *—ਸੰਪਾਦਕ*

1. ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਦੱਸੋ?
   ੳ) ਗੁ: ਸੀਸ ਗੰਜ ਸਾਹਿਬ (ਦਿੱਲੀ)
   ਅ) ਗੁ: ਗੁਰੂ ਕੇ ਮਹਿਲ ਸਾਹਿਬ (ਸ੍ਰੀ ਅੰਮ੍ਰਿਤਸਰ)
   ੲ) ਗੁ: ਮੰਜੀ ਸਾਹਿਬ (ਅੰਬਾਲਾ)
2. ਚਮਕੌਰ ਦੀ ਗੜ੍ਹੀ ਵਿੱਚ ਪੰਜ ਪਿਆਰਿਆਂ ਵਿੱਚੋਂ ਕਿੰਨੇ ਪਿਆਰਿਆਂ ਦੀ ਸ਼ਹੀਦੀ ਹੋਈ?
   ੳ) ਦੋ ਅ) ਤਿੰਨ ੲ) ਚਾਰ
3. ਪਟਨਾ ਸਾਹਿਬ ਵਿਖੇ ਸਭ ਤੋਂ ਪਹਿਲਾਂ ਕਿਹੜੇ ਗੁਰੂ ਸਾਹਿਬ ਦੇ ਚਰਨ ਪਏ?
   ੳ) ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ
   ਅ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
   ੲ) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
4. ਕਿਸ ਪਿਆਰੇ ਗੁਰਸਿੱਖ ਨੂੰ ਸ਼ਹੀਦ ਕਰਨ ਸਮੇਂ ਉਨ੍ਹਾਂ ਦੇ ਸਰੀਰ ਨੂੰ ਜੰਬੂਰਾਂ ਨਾਲ ਨੋਚਿਆ ਗਿਆ?
   ੳ) ਭਾਈ ਤਾਰੂ ਸਿੰਘ ਜੀ ਅ) ਬਾਬਾ ਬੰਦਾ ਸਿੰਘ ਜੀ ਬਹਾਦਰ ੲ) ਭਾਈ ਮਨੀ ਸਿੰਘ ਜੀ
5. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਹਿਲੇ ਸਤਿਕਾਰਯੋਗ ਗ੍ਰੰਥੀ ਦਾ ਕੀ ਨਾਂ ਹੈ?
   ੳ) ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਅ) ਭਾਈ ਗੁਰਦਾਸ ਜੀ ੲ) ਭਾਈ ਮਨੀ ਸਿੰਘ ਜੀ
6. ਝੂਠ ਨਹੀਂ ਬੋਲਣਾ, ਕਿਸੇ ਦਾ ਲੂਣ ਖਾ ਕੇ ਹਰਾਮ ਨਹੀਂ ਕਰਨਾ ਤੇ ਗਰੀਬ ਮਾਰ ਨਹੀਂ ਕਰਨੀ, ਇਹ ਤਿੰਨ ਉਪਦੇਸ਼ ਦੇ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸਨੂੰ ਸਿੱਧੇ ਰਸਤੇ ਪਾਇਆ?
   ੳ) ਸੱਜਣ ਠੱਗ ਅ) ਵਲੀ ਕੰਧਾਰੀ
   ੲ) ਭੂਮੀਆ ਚੌਰ
7. ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿੱਥੇ ਤੇਰਾਂ ਤੇਰਾਂ ਤੋਲਦਿਆਂ ਹੱਕ ਹਲਾਲ ਦੀ ਕਮਾਈ ਕਰਨ ਦਾ ਉਪਦੇਸ਼ ਦਿੱਤਾ?
   ੳ) ਗੁ: ਹੱਟ ਸਾਹਿਬ (ਸੁਲਤਾਨਪੁਰ ਲੋਧੀ)
   ਅ) ਗੁ: ਨਾਨਕ ਪਿਆਉ (ਦਿੱਲੀ)
   ੲ) ਗੁ: ਬੇਰ ਸਾਹਿਬ (ਸੁਲਤਾਨਪੁਰ ਲੋਧੀ)
8. ਜੈਜਾਵੰਤੀ ਰਾਗੁ ਵਿੱਚ ਕਿਹੜੇ ਗੁਰੂ ਸਾਹਿਬ ਦੀ ਬਾਣੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?
   ੳ) ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ
   ਅ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
   ੲ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ
9. ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਜਦੋਂ ਸਰੀਰ ਤਿਆਗਿਆ ਤਾਂ ਕਿਹੜੇ ਗੁਰੂ ਸਾਹਿਬ ਨੇ ਆਪ ਪੁੰਹਚ ਕੇ ਉਨ੍ਹਾਂ ਦਾ ਅੰਤਿਮ ਵੇਲਾ ਸੰਭਾਲਿਆ?
   ੳ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
   ਅ) ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
   ੲ) ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
10. ਕਲਗੀਧਰ ਪਿਤਾ ਜੀ ਦੇ ਵੱਡੇ ਸਾਹਿਬਜ਼ਾਦੇ ਧੰਨ ਧੰਨ ਬਾਬਾ ਅਜੀਤ ਸਿੰਘ ਜੀ ਦਾ ਜਨਮ ਕਿੱਥੇ ਹੋਇਆ?
    ੳ) ਸ੍ਰੀ ਅਨੰਦਪੁਰ ਸਾਹਿਬ ਅ) ਸ੍ਰੀ ਪਾਉਂਟਾ ਸਾਹਿਬ ੲ) ਸੱਚਖੰਡ ਸ੍ਰੀ ਹਜ਼ੂਰ ਸਾਹਿਬ

## ਪਿਛਲੇ ਅੰਕ ਦੇ ਸਹੀ ਜਵਾਬ :-

1. ਸ੍ਰੀ ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ, 2. ਭਾਈ ਦਯਾ ਸਿੰਘ ਜੀ, 3. ਭਾਈ ਦਿਆਲਾ ਜੀ, 4. 61 ਸਾਲ, 5. ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, 6. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ 7. ਬਾਬਾ ਬਿਧੀ ਚੰਦ ਜੀ, 8. ਭਾਈ ਨੰਦ ਲਾਲ ਜੀ, 9. ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ, 10. ਭਾਈ ਮੰਝ ਜੀ

## ਜੇਤੂਆਂ ਦੇ ਨਾਮ :

1. ਸ੍ਰ. ਹਰਭਜਨ ਸਿੰਘ (ਚੰਦੌਸੀ), 2. ਸ੍ਰ. ਗੁਰਮੇਜ ਸਿੰਘ (ਜ਼ਿਲ੍ਹਾ ਫਿਰੋਜ਼ਪੁਰ), 3. ਕੈਪਟਨ ਪਾਲ ਸਿੰਘ (ਜ਼ਿਲ੍ਹਾ ਫਤਹਿਗੜ੍ਹ ਸਾਹਿਬ), 4. ਮਾਸਟਰ ਮਲਕੀਤ ਸਿੰਘ (ਲੁਧਿਆਣਾ), 5. ਬੀਬੀ ਰਪਿੰਦਰ ਕੌਰ (ਲਖਨਾਊ), 6. ਹਰਿਰਚਨਾ ਕੌਰ (ਅੰਮ੍ਰਿਤਸਰ), 7. ਮਨਜੋਤ ਸਿੰਘ (ਦਿੱਲੀ), 8. ਗੁਰਪ੍ਰੀਤ ਸਿੰਘ (ਅੰਮ੍ਰਿਤਸਰ), 9. ਗੁਰਲੀਨ ਕੌਰ (ਲੁਧਿਆਣਾ), 10. ਹਰਕੀਰਤ ਸਿੰਘ (ਜਲੰਧਰ), 11. ਗੁਰਪ੍ਰੀਤ ਕੌਰ (ਸਬਜ਼ੀ ਮੰਡੀ, ਦਿੱਲੀ), 12. ਲਵਲੀਨ ਕੌਰ (ਲੁਧਿਆਣਾ), 13. ਗੁਰਸਿਮਰਨ ਕੌਰ (ਅੰਮ੍ਰਿਤਸਰ)

प्रश्न उत्तर

# ज़िंदगी की बारीकियाँ

गुरु साहिब जी की कृपा और भाई साहिब भाई गुरकबाल सिंघ जी की प्रेरणा से ज़िंदगी की बारीकियाँ कालम 'सिफति सालाह रसाले' में पिछले कई वर्षों से प्रकाशित हो रहा है। इस कालम में संगतों द्वारा भाई साहिब जी को समय-समय पूछे जाने वाले सवालों के जवाब दिए जाते हैं तांकि गुरमति अनुसार उन प्रश्नों का, उन मुश्किलों का निवारण किया जा सके और ज़िंदगी की बारीकियाँ निकल सकें। इसी कालम की शृंखला को आगे जारी रखते हस्तलिखित अंक से भाई साहिब जी के कीर्तन के उन अंशों को सवाल-जवाब के रूप में हू-ब-हू प्रकाशित किया जा रहा है जिन में से भाई साहिब जी कीर्तन करते संगत को आम रूप में आने वाली दुनियावी और आध्यात्मिक कठिनाई का गुरमति अनुसार समाधान बताते हैं।

*शृंखला जोड़ने के लिए पिछला अंक देखें-*

**473 प्रश्न:** डिप्रैशन आज के जमाने की सबसे बुरी बीमारी है, इसका इलाज क्या है?

**उत्तर:** आज के दौर में हर 25-30 व्यक्तियों के पीछे एक व्यक्ति इस बीमारी की लपेट में आया हुआ है, पर घबराओ मत, गुरु साहिब की कृपा से जहाँ से इस बीमारी की दवाई को लेना है, साथ गुरु साहिब का ओट आसरा भी लेना है। गुरुबाणी का ओट आसरा लेना और गुरु साहिब पर भरोसा रखना है।

पहले दास की भी सोच थी कि गुरु साहिब ने जहाँ कोई कौतुक किया है, कोई दुख काटा है और कई बार हमारी सोच होती है, तब किया था। तब काटा था। आज नहीं, पर संगत जी श्रद्धा की सीढ़ी चढ़ो, नानक प्रेम अंदर बसाओ। कभी यह भावना मत रखो कि श्री गुरु हरिकृष्ण साहिब जब शरीर रूप में आए, तब रोगियों के रोग निवृत किए। तब दुखियों के दुख दूर किए। नहीं, दास गुरु साहिब की हजूरी में सच्चाई कह रहा है, नानक प्रेम की दूसरी सीढ़ी यह है, ऐसे जीया करो, आज भी आठवें पातशाह जी गुरुद्वारा श्री बंगला साहिब झोलियाँ भर रहे हैं। आज भी दुख दूर कर रहे हैं। आज भी कृपा कर रहे हैं।

अब दिल्ली से अम्बाला जाओ तो आपको पता है कि एक गुरुद्वारा साहिब है, गुरुद्वारा श्री पंजोखरा साहिब। सब को पता है, श्री गुरु हरिकृष्ण साहिब जी का वहाँ क्या कौतुक हुआ। पंडित लाल चंद ने कटाक्ष किया- नाम तो द्वापर के अवतार कृष्ण से भी बड़ा रखा है पर क्या गीता के अर्थ आते हैं तो सिक्खों ने आकर गुरु जी को इस बारे में बताया। गुरु जी कहने लगे- बुलाकर लाओ। पंडित को

बुला कर लाया गया। धन्य श्री गुरु हरिकृष्ण साहिब जी ने कहा- पण्डित जी! क्या दुविधा है? कहने लगा- नाम तो आपने द्वापर के अवतार से भी बड़ा रखा है, हरिकृष्ण तो क्या गीता के अर्थ आपको आते हैं। गुरु जी कहने लगे- यदि हमने सुना दिए तो आपने कहना है, गुरु कुल में से हैं सीख लिए होंगे। आप अपनी मर्जी का व्यक्ति ले आओ। अब चलो आम व्यक्ति ढूँढ लो पर ढूँढा कौन? छज्जू झीवर। जिनके मुँह से लारें बह रही हैं, गूंगे भी हैं। है तो पुराने तपी थे, समय बन गया। इस समय को ज्ञानी हरनाम सिंघ जी ने बड़ा सुंदर नक्शा खींचा है। बाला प्रीतम जी बैठे हुए थे, दाईं ओर छज्जू झीवर बैठे हैं और बाईं ओर पंडित लाल चंद जी बैठे हैं। धन्य श्री गुरु हरिकृष्ण साहिब जी हाथ करके कहते हैं पंडित जी श्लोक बोलो, गीता का श्लोक बोलो और आगे से पंडित जी कहते हैं, मैं क्या श्लोक बोलूं, जिस से आप अर्थ करवाने का मन बना रहे हैं यह बंदा न तो बोल सकता है न सुन सकता है, कहाँ से अर्थ करेगा। पंडित जी विनती मान लीजिए, बोलो। जब पंडित जी ने श्लोक बोला तो धन्य श्री गुरु हरिकृष्ण साहिब जी ने अपने मुबारक हाथों से छड़ी छज्जू झीवर के सिर पर रखी। पढ़ो इतिहास, छड़ी शीश पर रखते ही चौदह प्रकार की विद्या प्राप्त हो गई। दो जवाब, फिर छज्जू झीवर जी ने अर्थ सुनाए। पंडित लाल चंद जी दंग रह गए। धन्य श्री गुरु हरिकृष्ण साहिब जी कहते, दूसरा श्लोक बोलो। जैसे व्यक्ति घबरा नहीं जाता। घबराहट में बोले और धन्य श्री गुरु हरिकृष्ण साहिब जी कहते- छज्जू झीवर जी, करो अर्थ। छज्जू झीवर जी आगे से कहते, श्लोक गलत बोला है। महाराज जी कहते- पंडित जी, यह क्या कह रहा है? पंडित जी कहते- हाँ जी, मैं घबराहट में गलत श्लोक बोल गया हूँ। छज्जू झीवर जी कहते, शुद्ध श्लोक ऐसे नहीं, ऐसे है। कहने लगे, बिल्कुल ठीक। अब तीसरा बोलो। यह इतिहास है, उठ पड़े पंडित लाल चंद जी। सामने आकर, इन्होंने जो काम कर दिया, वह कोई-कोई कर सकता है। नतमस्तक हो गए। महाराज जी, मुझे क्षमा कीजिए। अब मेरी जितनी भी जिंदगी बाकी है, सिक्खी के असूलों के अनुसार अपने चरणों में व्यतीत करवा लो। अनेक इतिहासकारों ने लिखा है, पंडित लाल चंद जी भी सिक्ख बन गए और श्री चमकौर साहिब की गढ़ी में शहीदी दी, भाई लाल सिंघ जी के नाम पर।

इनका नाम आप सुनते ही हो, छज्जू झीवर जी, यह भी ऐसे गुरु साहिब के बने कि पाँच प्यारों में से भाई हिम्मत सिंघ जी, इनकी कुल में से हुए हैं। ऐसी गुरु चरणों से बन गई कि फिर दसम पातशाह जी तक निभी। अब संगत को दास बताना चाहता है। अब आपने यह कथा सुन ली पर यहाँ यह न सोचना कि धन्य श्री गुरु हरिकृष्ण साहिब जी ने छज्जू झीवर जी के सिर छड़ी रखी और उन से गीता के अर्थ करवाए। बल्कि यह सोचे कि सिर पर छड़ी रखी और उनकी क्या पुजीशन थी और कहाँ पहुँचा दीः

*बिलावलु महला ५ ॥*
*पिंगुल परबत पारि परे खल चतुर बकीता ॥*
*अंधुले त्रिभवण सूझिआ गुर भेटि पुनीता ॥१॥*
(अंग ८०९)

यह भावना कभी न रखना कि धन्य श्री गुरु हरिकृष्ण साहिब जी ने उस समय छड़ी

रखी और गीता के अर्थ करवाए। दास की यही विनती है कि यह भावना रखना आज भी छड़ियाँ लगा रहे हैं। कई यहाँ तक भावना रखते हैं, उस समय कौतुक हुआ था पर आज नहीं। दास गुरु साहिब की हजूरी में विनती करता है, यहाँ जो कौतुक किया, आपके गुरु साहिब इतने बड़े हैं, उस जगह पर वह दातें सदा के लिए प्रदान कर गए। कोई भी जिंदगी में इस डिप्रैशन जैसी बीमारी से परेशान होगा, यहाँ (गुरुद्वारा श्री पंजोखरा साहिब) भावना से हाजरी भरेगा, वह ठीक होगा।

आजकल 25-30 व्यक्तिों के पीछे एक व्यक्ति को डिप्रैशन है। घरों में क्लेश बढ़ गए हैं, कुछ मोबाइल इतना इस्तेमाल करने लग गए हैं, उससे। मान लो, किसी के पास 2 लाख है और उसने कार 7 लाख की लेनी है और देना 2 लाख है, बाकी किश्तें करवा लेनी हैं। कोई और चीज भी लेनी है, वह भी किश्तों पर ले लेनी है। ऐसे बोझ धीरे-धीरे उस पर पढ़ते जाते हैं। डिप्रैशन वाले की हालत की यह निशानियाँ हैं। दास का रोज का काम है, दास विचरता है, 25-30 व्यक्तियों के पीछे एक व्यक्ति को डिप्रैशन है।

जालंधर शहर का एक शरीर है, मिलाप चौक में कपड़े की दुकान है। महिन्द्र सिंघ का बेटा है। 15 नौकर दुकान पर काम करते हैं। दो-अढाई लाख रोज की सेल है, जालंधर में। रब से डर कर रहा करो। जो बच्चा उस दुकान पर बैठता था वह डिप्रैशन में चला गया। बातें भी ऊँट-पटांग करता जाए। दास को कहना नहीं चाहिए, प्यार था संगत के नाते उस परिवार से और दास को घर जाना पड़ा। घर गए। दास पलंग पर बैठा और पास बिठाया। वह बीस मिनट जो कुछ बोलता गया, साफ पता लगता था, यह डिप्रैशन में है। एक बात बार-बार करते जाना, यह डिप्रैशन की निशानियाँ हैं। जिसको डिप्रैशन हो, अलग-अलग निशानियाँ हैं। छोटी-छोटी चीज से डर जाना। वहम-भ्रम आते जाएँगे। बार-बार एक व्यक्ति का नाम लेना या मान लो साबुन से हाथ धोए हैं, क्रिया करके आया है। धोए हैं कि नहीं धोए। फिर दुबारा धोएगा। यह वहम है। डिप्रैशन की अलग-अलग निशानियाँ हैं। यह नहीं कि दवाई नहीं लेना। दवाई में नींद होती है। वह सिर्फ रैस्ट करवाते हैं। दिमाग रैस्ट में आ जाए। यकीन मानना जब दास ने बच्चे को देखा, दास ने सोचा कि कितना रब से डर कर रहना चाहिए। पंद्रह नौकर दुकान पर काम करते हैं, तीन लाख रोज की सेल है पर दुकान भी बंद हो गई। नौकरों को कह दिया कि पंद्रह दिन की छुट्टी कर लो कि जिसने मेन कंट्रोल करना है, उसको ही डिप्रैशन हो गई है।

दास पाँच मिनट सोचता रहा, इसकी दवाई कहाँ है? दुनियावी दवाई तो डाक्टरों के पास है। जो हमारे गुरु घर में दवाई है, वह कहाँ है? पाँच मिनट सोचा। गुरु साहिब ने कृपा की और दास का ध्यान चला गया, गुरुद्वारा पंजोखरा साहिब। दास ने कहा- धन्य श्री गुरु हरिकृष्ण साहिब जी ने छड़ी लगाई थी, कृपा की थी और आज भी लगा रहे हैं। दास ने परिवार को विनती की, पाँच पाठ सुखमनी साहिब के रोज के घर सैंची साहिब लगा लो, बाँटकर कर लो। पाँच इकट्ठे कर लो। रोल दे कर कर लो। जल पास रख लो।

-शेष पन्ना 45 पर पढ़ो

धन्य धन्य श्री गुरु ग्रंथ साहिब जी के सत्कार में जरुरी विनतियाँ

# दस पातशाहियां रूप इह गुरु ग्रंथ जी जान।।

-गुरिंदर सिंघ पटियाला

1. घर में धन्य धन्य श्री गुरु ग्रंथ साहिब जी महाराज का प्रकाश करना :

हमें कोशिश करनी चाहिए कि धन्य धन्य श्री गुरु ग्रंथ साहिब जी महाराज का प्रकाश घर में किया जाए तांकि यह मान हो सके कि हम अपने महान पिता जी की गोद में रहते हैं, उनके साये में अपना जीवन व्यतीत करते हैं। जिनके घर में गुरु साहिब का प्रकाश है, वे भाग्यशाली हैं। पर वह अपने मुख से कभी भी यह मत कहें कि श्री गुरु ग्रंथ साहिब जी हमारे घर में हैं या हमने श्री गुरु ग्रंथ साहिब जी को अपने घर में रखा हुआ है जैसे कि आम सुनने को मिलता है। हमेशा यही कहना है कि हमारे धन्य भाग्य, हम धन्य धन्य श्री गुरु ग्रंथ साहिब जी महाराज के बख्शे हुए घर में रहते हैं।

2. कमरे का साइज :

सतिगुरु जी के प्रकाश के लिए कमरे का साइज बेशक कोई नियत नहीं है पर फिर भी साइज इतना जरुर होना चाहिए कि प्रकाश एवं सुख आसन साहिब आसानी से हो सके। कमरा खुला तथा हवादार होना चाहिए व घर के लेवल से थोड़ा-सा ऊँचा होना चाहिए। कमरे में रोशनी व पंखा जरुर हो। अगर आप वित्तीय तौर पर मजबूत हो तो अपनी समर्था अनुसार कूलर या ऐ.सी. भी लगा सकते हो। सर्दियों के दिनों में यदि आपकी समर्था है तो ब्लोयर लगा सकते हो। यह भावना जरुर होनी चाहिए कि अगर आपके घर में गुरु साहिब जी का प्रकाश है और आप अपने सुख-आराम के लिए कोई वस्तु लेते हो तो यह भावना हो कि पहले मैंने अपने गुरु के लिए यह चीज लेनी है। जैसे आप अपने लिए कूलर या ऐ.सी. लेने के बारे में सोचते हो तो मन में यह चाव हो कि पहले ऐ.सी. सतिगुरु जी के कमरे में लगाना चाहिए, बाकी परिवारिक कमरों में बाद में लगे।

3. मंजी साहिब का साइज :

जिस पीढ़ा साहिब या मंजी साहिब पर सतिगुरु जी का प्रकाश करना है उसका साइज कम से कम साढ़े तीन व सवा दो फुट जरुर होना चाहिए। श्री हरिमन्दिर साहिब में जिस मंजी साहिब पर सतिगुरु जी का प्रकाश किया जाता है, उसका साइज इस प्रकार है: लंबाई 42 इंच, चौड़ाई 28 इंच, पावे 10 इंच।

4. सुख आसन साहिब करने के लिए पलंग का साइज :

धन्य धन्य श्री गुरु ग्रंथ साहिब जी महाराज का सुख आसन साहिब संध्या काल रहरासि साहिब जी के पाठ के बाद किया

जाए। आम तौर पर कई घरों में जिस पीढ़ा साहिब या मंजी साहिब पर प्रकाश किया जाता है, वहाँ ही सुख आसन साहिब कर दिया जाता है या कई सज्जन सतिगुरु जी का अलमारी में सुख आसन करते हैं जो कि बहुत बड़ी भूल भी है तथा बेअदबी भी। सुख आसन करने के लिए अलग पलंग होना चाहिए जिसका साइज कम से कम 6X3 फीट हो। रात को सुख आसन करते समय कीर्तन सोहिला जी की बाणी का पाठ करते हुए सुख आसन किया जाए। अगर बाणी कंठ न हो तो कीर्तन सोहिला साहिब का पाठ सुख आसन सेवा के बाद कर लिया जाए। अगर दिन के समय सुख आसन करना है तो कोई भी बाणी पढ़ते हुए सुख आसन किया जाए। तदुपरांत अरदास करने के बाद महाराज जी का स्वरूप आदर पूर्वक शीश पर रखकर पलंग तक ले जाया जाए। पलंग पर विराजमान करते समय यह जाप किया जाए:

*जिथै जाइ बहै मेरा सतिगुरु*
*सो थानु सुहावा राम राजे ॥*

(अंग ४५०)

या सतिनाम श्री वाहिगुरु जी का जाप।

**5. सतिगुरु जी के कमरे में जाने का ढंग :**

सतिगुरु जी के कमरे में जाने से पहले या गुरुद्वारा साहिब के अंदर दाखिल होने से पहले हाथ-पैर शुद्ध किए जाएँ। फिर कमरे में जाने से पहले बाहर दरवाजे के पास खड़े होकर सतिनाम श्री वाहिगुरु जी की आवाज दी जाए तथा मन में यह भावना हो कि मैं गुरुओं के गुरु धन्य धन्य श्री गुरु ग्रंथ साहिब जी महाराज के दर्शन करने जा रहा हूँ। फिर अंदर दाखिल होकर दोनों हाथ जोड़ कर पैरों की पिछली ऐड़ियाँ साथ जुड़ी हों, सतिगुरु जी के दर्शन करते अरदास की जाए। उपरांत माथा टेका जाए। माथा टेकने के बाद तिल-फूल जो भी भेट आप लेकर आए हैं या माया जो भी आप जी ने भेट करनी है, सत्कार सहित आराम से रखी जाए। कभी भी माया हाथ ऊपर करके नहीं फैंकनी। यह बहुत बड़ी बेअदबी है। माथा टेकने से पहले कभी माया नहीं चढ़ानी। यह हमेशा बाद में ही चढ़ानी है और जो भी माया भेट करनी है, वह पहले ही हाथ में पकड़ी हो। सतिगुरु जी के सामने खड़े होकर जेब में से या पर्स में से माया नहीं निकालनी। इस तरह सत्कार में वृद्धि होती है।

**6. चंदोवा साहिब :**

चंदोवा साहिब का साइज इतना जरुर होना चाहिए कि यह सतिगुरु जी के ऊपर होना चाहिए, कम नहीं होना चाहिए। अगर कमरे में प्रकाश स्थान व सुख आसन इकट्ठे हैं तो दो चंदोवा साहिब लगाने की बजाय कमरे जितना एक चंदोवा साहिब लगा सकते हो तांकि सतिगुरु जी का पूर्ण सत्कार बना रहे।

**7. रुमाला साहिब :**

सतिगुरु जी के वस्त्रों एवं रुमालों का भी वैसे ख्याल रखा जाए जैसे कि हम अपने कपड़ों का रखते हैं। दसम पातशाह जी ने श्री गुरु ग्रंथ साहिब जी महाराज को 'प्रगट गुरां की देह' कह कर सम्मान प्रदान किया है। इसलिए शब्द-गुरु के सत्कार में गर्मियों में ठण्डे तथा सर्दियों में गर्म रुमालों की व्यवस्था करनी चाहिए। वैसे सुख आसन करते भी सतिगुरु जी

के ऊपर गर्मियों में सूती चादर व सर्दियों में कंबल का इस्तेमाल करना चाहिए। यदि आप जी की समर्था हो तो सुख आसन स्थान पर गर्मियों में कूलर या ऐ.सी. तथा सर्दियों में ब्लोयर लगाया जाए। श्री अकाल तख्त के हुक्म अनुसार ऐसे रुमाले इस्तेमाल नहीं करने चाहिएँ जिन पर गुरबाणी लिखी हो।

8. भोग लगाना :

जिन सज्जनों के घर धन्य धन्य श्री गुरु ग्रंथ साहिब जी महाराज विराजमान हैं, वे भाग्यशाली हैं पर सतिगुरु जी के महावाक्य 'प्रगट गुरां की देह' अनुसार दिन के तीन टाईम स्वयं भोजन से पहले सतिगुरु जी को भोग अवश्य लगाना चाहिए। इसकी विधि यह है कि थाल में प्रसाद, दाल-सब्जी या जो कुछ भी शाकाहारी आप जी के घर बना है, वह थाल में सही ढंग से परोस कर समय दौरान सतिगुरु जी के कमरे में जाकर यह थाल रखा जाए। थाल को ऊपर से साफ कपड़े से ढंका जाए। अरदास करके (कृपान भेट) शस्त्र भेट किया जाए। भावनापूर्वक मेरे मालिक श्री गुरु ग्रंथ साहिब जी विराजमान हैं, हाथ शुद्ध करवा कर तौलिए से साफ करवा कर थाल कुछ समय सतिगुरु जी के आगे सुशोभित रहने दिया जाए। इस समय के दौरान आप कमरे के बाहर बैठकर श्री जपुजी साहिब जी का पाठ करने के उपरांत कमरे में जाने से पहले सतिनाम श्री वाहिगुरु जी की आवाज देकर वह थाल लाकर बाकी खाने में शीत प्रसाद मिलाया जाए तांकि समूचे परिवार में अमृतमयी भोजन जाए।

अगर गुरुद्वारा साहिब कड़ाह प्रसाद की देग भी करवानी है तो पहले शस्त्र भेट करवाया जाए तथा फिर सुरति से दस पातिशाहियों में से किसी पातिशाही का ध्यान करके यह अरदास की जाए कि सतिगुरु जी, आप जी के बख्शे हुए खजानों में से कड़ाह प्रसाद की देग लेकर हाजर हुआ हूँ या हुई हूँ, कृपा करके रसना को लगाओ। फिर वह सुरति का लगाया हुआ भोग ग्रहण किया जाए या करवाया जाए।

9. प्रकाश करने का ढंग एवं हुक्मनामा लेना :

सुख आसन स्थान से अरदास करने के उपरांत सत्कार पूर्वक सतिगुरु जी का स्वरूप शीश पर रखकर 'सतिनाम वाहिगुरु' का जाप करते मंजी साहिब पर लाया जाए। फिर कोई भी बाणी पढ़ते या दर्शन के शब्द या भटों के सवैये पढ़ते सतिगुरु जी का स्वरूप मंजी साहिब पर विराजमान करके बड़े अदब से प्रकाश किया जाए। उपरांत जो हुक्मनामा बाएं अंग पर ऊपर से शुरु हो रहा है या पीछे से चला आ रहा है, वह हुक्मनामा लेना चाहिए।

10. सतिगुरु जी की हजूरी में पाठ करना :

धन्य धन्य श्री गुरु ग्रंथ साहिब जी महाराज से पाठ करते समय गले में हजूरिया जरुर होना चाहिए तांकि इसको मुँह के आगे रखकर पाठ किया जा सके। यह इसलिए डाला जाता है तांकि पाठ करते समय मुँह में से थूक का कोई कण सतिगुरु जी पर न गिरे। इसी तरह शरीर के किसी अंग पर जो कोई खारिश करनी है तो हजूरिए से की जाए। वह नुक्ता सबसे ज्यादा ध्यान रखने योग्य है कि पीढ़ा साहिब का कभी आसरा न लिया जाए भाव कि अपनी कोहनी कभी भी पीढ़ा साहिब पर

नहीं टिकानी। पूरे अदब से सतर्क होकर बाणी पढ़ी जाए। बाणी संयम व टिकाव में पढ़ी जाए।

11. मांस-शराब के इस्तेमाल पर सख्त पाबंदी :

जिनके घरों में धन्य धन्य श्री गुरु ग्रंथ साहिब जी महाराज विराजमान हैं, उनके घरों में कभी भी मांस अथवा शराब का उपयोग नहीं होना चाहिए। अगर कोई उपयोग करता है तो यह घोर अपमान है। गुरबाणी पढ़ते या गुरमंत्र जपते ही शाकाहारी भोजन तैयार किया जाए।

12. चंवर साहिब करने की सेवा :

सतिगुरु जी पर चंवर साहिब बड़े अदब व सत्कार से बाणी पढ़ते किया जाए। चंवर साहिब इतना ऊँचा किया जाए कि यह सतिगुरु जी को स्पर्श न करे। कई सज्जन चंवर साहिब इस तरह करते हैं कि वह सतिगुरु जी को स्पर्श करता रहता है। ऐसा करना ठीक नहीं। इसलिए चंवर साहिब इतना ऊँचा जरुर हो कि स्वयं गुरु नानक पातशाह आप विराजमान हैं।

13. सतिगुरु जी का स्वरूप एक स्थान से दूसरे स्थान पर लेकर जाना :

सतिगुरु जी का स्वरूप यदि एक स्थान से दूसरे स्थान पर लेकर जाना हो या किसी के घर श्री अखंड पाठ साहिब करवाते समय गुरुद्वारा साहिब से संबंधित घर में सतिगुरु जी का स्वरूप ले जाना हो तो पाँच सिंघ कम से कम जरुर होने चाहिएँ। घर का कोई शरीर सतिगुरु जी का स्वरूप शीश पर विराजमान करके बाणी पढ़ते लेकर जाए। एक सिंघ आगे पानी का छिड़काव करे। एक सिंघ चंवर साहिब करे। एक सिंघ के हाथ में छत्र हो ताकि दूर से पता लग जाए कि सतिगुरु जी आ रहे हैं। यदि हो सके तो गुरुद्वारा साहिब से घर तक आस-पास कली बिछी हो तथा सारी जगह साफ कर ली जाए। सतिगुरु जी के स्वरूप को ले जाते समय साथ ले जाने वाले सुन्दर वस्त्र अटैची में ढंग से ले जाएं।

14. सतिगुरु जी के वस्त्रों की सेवा :

सतिगुरु जी के वस्त्रों के लिए अलग टब या बालटी रखी जाए। बाणी पढ़ते हुए सतिगुरु जी के वस्त्रों को धोने की सेवा की जाए तथा फिर अलग तारों पर वे वस्त्र सुखाने के लिए डाले जाएं।

15. सैंची साहिब के सत्कार में जरुरी विनती :

संगतों में आम सुनने को मिलता है सैंची साहिब के सत्कार में किन बातों का ख्याल रखा जाए। इस संबंध में विनती की जाती है कि आम तौर पर सैंची साहिब दो भागों में मिलती हैं। सैंची साहिब को सत्कार से किसी ऊँची जगह पर नरम बिछाई करके विराजमान किया जाए। शुद्ध अलमारी में भी नरम बिछाई करके सैंची साहिब विराजमान कर सकते हो। एक-दूसरे के ऊपर सैंची साहिब नहीं रखनी चाहिए। सैंची साहिब पर पाठ करने से पहले रेहल को साफ कपड़े से साफ करो। फिर साफ रुमाला बिछाकर सैंची साहिब को विराजमान करो। एक रुमाला सैंची साहिब के ऊपर डाला जाए। सैंची साहिब के हर अंग की पाठ करते मलमल के कपड़े से सेवा की जाए।

16. सहज पाठ करने संबंधी विनती :

सहज पाठ आरंभ करने से पहले यह

